ISSN 0972-2335

# ਅੰਮ੍ਰਿਤ ਕੀਰਤਨ



ਭਾਈ ਦਵਿੰਦਰ ਸਿੰਘ ਗੁਰਦਾਸਪੁਰੀ

ਸੰਪਾਦਕ
ਡਾ. ਜਾਗੀਰ ਸਿੰਘ

ਮਈ 2024

ਮੁੱਲ 15/-



## ਲੇਖਾ ਛੋਡਿ ਅਲੇਖੈ ਛੂਟਹਿ

ਮੌਤ ਤੋਂ ਦੱਸੋ ਕਾਹਨੂੰ ਡਰੀਏ,
ਇਹ ਤਾਂ ਲਿਖੀ ਹੋਈ ਜ਼ਿੰਦਗਾਨੀ ।

ਕਰਤਾ ਧਰਤਾ ਆਪ ਹੈ ਬੈਠਾ,
ਜਿਸ ਕੋਲ ਵੱਡੀ ਹੈ ਕਾਨੀ।

ਕੀਤੇ ਕਰਮ ਚੰਗੇ ਤੇ ਮੰਦੇ,
ਆਪ ਹਿਸਾਬ ਕਰੇਸੇਂ ।

ਸਭ ਕੁਦਰਤ ਕਰਤੇ ਦੇ ਵਸ ਹੈ,
ਜੇ ਬਖਸ਼ੇ ਤਾਂ ਮਿਹਰਬਾਨੀ।

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ : 15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ;eNo 15-J, uvhrV 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਲੇਖਾ ਛੋਡਿ ਅਲੇਖੈ ਛੂਟਹਿ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ –
ਕੁਝ ਪੜ੍ਹੀਆਂ-ਸੁਣੀਆਂ 2

ਸੰਗੀਤਮਈ ਨਾਨਕ ਬਾਣੀ : ਪ੍ਰਗਤੀਸ਼ੀਲ ਵਿਚਾਰਧਾਰਾ ਦੇ ਵਿਸ਼ੇਸ਼ ਸੰਦਰਭ ਵਿਚ
ਰਜਿੰਦਰ ਸਿੰਘ 4

ਵਸ਼ਿਸ਼ਟ ਗੁਰਬਾਣੀ ਗਾਇਕ ਭਾਈ ਦੇਵਿੰਦਰ ਸਿੰਘ
ਨਵਜੋਤ ਕੌਰ ਕਸੇਲ 9

ਬੋਦਲਾਂ ਦਾ ਰਬਾਬੀ ਘਰਾਣਾ ਪ੍ਰੀਚਾਤਮਕ ਅਧਿਐਨ
ਡਾ. ਮਲਕੀਤ ਸਿੰਘ ਜੰਡਿਆਲਾ 17

ਪਹਿਲੇ ਇਸਤਰੀ ਕੀਰਤਨਕਾਰ – ਬੀਬੀ ਬਲਜੀਤ ਕੌਰ (ਤਲਵਾੜਾ)
ਤੀਰਥ ਸਿੰਘ ਢਿੱਲੋਂ ਟਾ-3


Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are :
**AMRIT KIRTAN TRUST** Saving Bank A/c No. 65079603302, IFSC :SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਕੁਝ ਪੜ੍ਹੀਆਂ-ਸੁਣੀਆਂ

ਮੇਰੇ ਇੱਕ ਮਿੱਤਰ ਨੂੰ ਵਪਾਰ ਵਿੱਚ ਘਾਟਾ ਪੈ ਗਿਆ ਤੇ ਉਹ ਮੇਰੇ ਕੋਲੋਂ ਮਾਇਕ ਮਦਦ ਲੈਣ ਲਈ ਆਇਆ ਪਰ ਉਸ ਦਾ ਘਾਟਾ ਇਤਨਾ ਵੱਡਾ ਸੀ ਕਿ ਮੈਂ ਉਸ ਦੀ ਕੋਈ ਮਦਦ ਨਹੀਂ ਸੀ ਕਰ ਸੱਕਿਆ। ਜਦੋਂ ਮੈਂ ਉਸ ਕੋਲੋਂ ਘਾਟੇ ਦਾ ਕਾਰਨ ਪੁੱਛਿਆ ਤਾਂ ਉਹ ਨੇ ਮੈਨੂੰ ਭਾਰਤ ਦੀ ਆਰਥਕ ਹਾਲਾਤ ਬਾਰੇ ਚੰਗਾ ਚੋਖਾ ਗਿਆਨ ਦੇ ਦਿੱਤਾ। ਮੈਨੂੰ ਵਪਾਰ ਦੇ ਨੁਕਤਿਆਂ ਦੀ ਬਹੁਤੀ ਸਮਝ ਤਾਂ ਹੈ ਨਹੀਂ ਪਰ ਮੈਂ ਵੀ ਉਸ ਨੂੰ ਪੜ੍ਹੀਆਂ ਸੁਣੀਆਂ ਤਿੰਨ ਕਹਾਣੀਆਂ ਸੁਣਾ ਦਿੱਤੀਆਂ। ਉਹਨਾਂ ਦਾ ਉਸ ਉੱਤੇ ਕੋਈ ਅਸਰ ਹੋਇਆ ਜਾਂ ਨਹੀਂ ਪਤਾ ਨਹੀਂ। ਪਰ ਫਿਰ ਉਹ ਮੇਰੇ ਕੋਲ ਮੁੜ ਕਦੀ ਕੁਝ ਕਹਿਣ ਸੁਣਨ ਨਹੀਂ ਆਇਆ। ਤੁਹਾਡੇ ਨਾਲ ਵੀ ਉਹ ਕਹਾਣੀਆਂ ਸਾਂਝੀਆਂ ਕਰ ਲੈਂਦਾ ਹਾਂ।

ਚੰਡੀਗੜ੍ਹ ਦੇ 22 ਸੈਕਟਰ ਵਿੱਚ ਇਕ ਸਮੋਸੇ ਵਾਲੇ ਦੀ ਰੇਹੜੀ ਲਗਦੀ ਸੀ। ਸ਼ਾਮ ਨੂੰ ਚਾਰ ਕੁ ਵਜੇ ਨਾਲ- ਤੇ ਇੱਕ ਦੋ ਘੰਟਿਆਂ ਵਿੱਚ ਹੀ ਰੇਹੜੀ ਵਾਲਾ ਆਪਣੀ ਰੇਹੜੀ ਖਾਲੀ ਕਰ ਕੇ ਘਰ ਚਲਾ ਜਾਂਦਾ ਸੀ। ਉਸ ਦੇ ਸਮੋਸਿਆਂ ਦੀ ਸਾਰੇ ਬੜੀ ਸਿਫਤ ਕਰਦੇ ਸਨ। ਉਸ ਦੇ ਲੜਕੇ ਨੇ ਬਾਹਰਵੀਂ ਜਮਾਤ ਪਾਸ ਕੀਤੀ ਤੇ ਕੋਈ ਨੌਕਰੀ ਨਾ ਮਿਲੀ ਤਾਂ ਉਹ ਵੀ ਆਪਣੇ ਪਿਤਾ ਨਾਲ ਹੀ ਕੰਮ ਕਰਨ ਲੱਗ ਪਿਆ। ਕਦੀ ਕਦੀ ਉਹ ਅਖਬਾਰ ਪੜ੍ਹ ਕੇ ਆਪਣੇ ਪਿਤਾ ਨੂੰ ਸੁਣਾਉਂਦਾ ਤੇ ਕਹਿੰਦਾ-ਬਾਪੂ ਜੀ, ਦੇਸ਼ ਦੀ ਆਰਥਿਕ ਹਾਲਤ ਬਹੁਤ ਖਰਾਬ ਹੈ। ਸਾਨੂੰ ਵੀ ਆਪਣੇ ਸਮੋਸਿਆਂ ਵਿੱਚ ਪਾਇਆ ਜਾਣ ਵਾਲਾ ਸਮਾਨ ਕੁਝ ਘਟ ਕਰਨਾ ਚਾਹੀਦਾ ਹੈ ਤਾਂ ਜੋ ਸਾਨੂੰ ਮੁਨਾਫਾ ਵਧੇਰੇ ਹੋਵੇ ਤੇ ਖਰਚਾ ਘਟ ਹੋਵੇ। ਪਿਤਾ ਨੇ ਸਮੋਸਿਆਂ ਵਿੱਚ ਪਨੀਰ ਦੇ ਟੁਕੜੇ ਪਾਉਣੇ ਬੰਦ ਕਰ ਦਿੱਤੇ। ਉਸ ਦੇ ਸਮੋਸਿਆਂ ਦਾ ਸੁਆਦ ਘਟ ਗਿਆ ਤੇ ਨਾਲ ਹੀ ਗਾਹਕ ਘਟ ਗਏ ਤੇ ਉਸ ਦੀ ਆਮਦਨ ਵੀ ਘਟ ਗਈ। ਪਿਤਾ ਨੇ ਆਪਣੇ ਪੁੱਤਰ ਨੂੰ ਕਿਹਾ, ਤੂੰ ਠੀਕ ਹੀ ਆਖਦਾ ਸੈਂ ਦੇਸ਼ ਦੀ ਆਰਥਕ ਹਾਲਤ ਵਾਕਿਆ ਹੀ ਖਰਾਬ ਹੋ ਗਈ ਹੈ। --------

ਇਕ ਜੌਹਰੀ ਬਹੁਤ ਬਿਮਾਰ ਹੋ ਗਿਆ। ਉਸ ਨੂੰ ਆਪਣਾ ਅੰਤ ਨੇੜੇ ਜਾਪਿਆ ਤਾਂ ਉਸ ਨੇ ਆਪਣੇ ਪੁੱਤਰ ਨੂੰ ਬੁਲਾਇਆ ਤੇ ਆਖਿਆ- ਤਜੌਰੀ ਵਿੱਚ ਇੱਕ ਪੱਥਰ ਪਿਆ ਹੈ ਉਹ ਲੈ ਕੇ ਆ। ਪੁੱਤਰ ਨੇ ਪੱਥਰ ਲੈ ਆਂਦਾ। ਜੌਹਰੀ ਨੇ ਕਿਹਾ-ਬੇਟਾ, ਜੇ ਮੇਰਾ ਦੇਹਾਂਤ ਹੋ ਜਾਂਦਾ ਹੈ ਤਾਂ ਇਹ ਪੱਥਰ ਅਤੇ ਇੱਕ ਚਿੱਠੀ ਲਿਖ ਦਿੰਦਾ ਹਾਂ, ਇਹ ਲੈ ਕੇ ਤੂੰ ਸ਼ਹਿਰ ਦੇ ਵੱਡੇ ਉਸਤਾਦ ਜੌਹਰੀ ਕੋਲ ਚਲਾ ਜਾਵੀਂ ਉਹ ਇਸ ਪੱਥਰ ਨੂੰ ਤਰਾਸ਼ ਕੇ ਇੱਕ ਕੀਮਤੀ ਹੀਰਾ ਬਣਾ ਦੇਵੇਗਾ ਫਿਰ ਤੁਸੀਂ ਆਪਣੀ ਜ਼ਿੰਦਗੀ ਖੁਸ਼ਹਾਲੀ ਨਾਲ ਗੁਜ਼ਾਰ ਸਕੋਗੇ। ਕੁਝ ਸਮੇਂ ਬਾਅਦ ਜੌਹਰੀ ਦਾ ਦੇਹਾਂਤ ਹੋ ਗਿਆ। ਪੁੱਤਰ ਚਿਠੀ ਅਤੇ ਉਹ ਪੱਥਰ ਲੈ ਕੇ ਉਸਤਾਦ ਜੌਹਰੀ ਕੋਲ ਚਲਾ ਗਿਆ। ਜੌਹਰੀ ਨੇ ਚਿੱਠੀ ਪੜ੍ਹੀ ਤੇ ਨਾਲ ਹੀ ਉਹ ਪੱਥਰ ਵੇਖਿਆ-ਚਿਠੀ ਵਿੱਚ ਲਿਖਿਆ ਸੀ-ਪਿਆਰੇ ਮਿੱਤਰ ਇਹ ਅਣਘੜਿਆ ਹੀਰਾ ਹੈ ਇਸ ਨੂੰ ਤਰਾਸ਼ ਕੇ ਕੀਮਤੀ ਹੀਰਾ ਬਣਾ ਦਿਓ ਤਾਂ ਜੋ ਮੇਰਾ ਪਰਿਵਾਰ ਖੁਸ਼ਹਾਲ ਜ਼ਿੰਦਗੀ ਬਤੀਤੀ ਕਰ ਸਕੇ।

ਜੌਹਰੀ ਨੇ ਚਿਠੀ ਨੂੰ ਪੜ੍ਹਿਆ ਅਤੇ ਨਾਲ ਹੀ ਉਹ ਪੱਥਰ ਦੀ ਜਾਂਚ ਕੀਤੀ। ਫਿਰ ਪੱਥਰ ਵਾਪਿਸ ਕਰਦਿਆਂ ਉਸ ਨੇ ਲੜਕੇ ਨੂੰ ਕਿਹਾ ਇਸ ਪੱਥਰ ਨੂੰ ਫਿਰ ਤਰਾਂਸ਼ਾਂਗੇ। ਤੂੰ ਕਲ੍ਹ ਤੋਂ ਮੇਰੇ ਕੋਲ ਆਉਣਾ ਸ਼ੁਰੂ ਕਰ ਦੇ ਅਤੇ ਹੀਰਿਆਂ ਦੀ ਪਰਖ ਕਰਨ ਅਤੇ ਤਰਾਸ਼ਣ ਦਾ ਹੁਨਰ ਸਿੱਖ ਲੈ। ਮੈਂ ਤੈਨੂੰ ਕੁਝ ਵਜੀਫਾ ਵੀ ਦਿਆਂਗਾ। ਲੜਕੇ ਨੇ ਇਸ ਜੌਹਰੀ ਕੋਲੋਂ ਕੰਮ ਸਿੱਖਣਾ ਸ਼ੁਰੂ ਕਰ ਦਿੱਤਾ। ਛੇਤੀ ਹੀ ਉਹ ਕੰਮ ਸਿੱਖ ਗਿਆ। ਇਕ ਦਿਨ ਉਹ ਘਰ ਆਇਆ ਤੇ ਉਹ ਪੱਥਰ ਲੈ ਕੇ ਮਾਂ ਨੂੰ ਕਹਿਣ ਲੱਗਾ ਕਿ ਇਹ ਪੱਥਰ ਹੀਰਾ ਨਹੀਂ ਹੈ। ਪਿਤਾ ਨੇ ਝੂਠ ਬੋਲਿਆ ਸੀ। ਮਾਂ ਕਹਿਣ ਲੱਗੀ ਪਰ ਤੇਰੇ ਉਸਤਾਦ ਜੌਹਰੀ ਨੇ ਇਹ ਕਿਉਂ ਨਹੀਂ ਦੱਸਿਆ।

ਉਹ ਦੋਵੇਂ ਮਾਂ ਪੁੱਤਰ ਉਸਤਾਦ ਜੌਹਰੀ ਕੋਲ ਆਏ ਤੇ ਪੱਥਰ ਬਾਰੇ ਗੱਲ ਕੀਤੀ। ਉਸਤਾਦ ਜੌਹਰੀ ਹੱਸ ਕੇ ਕਹਿਣ ਲੱਗਾ- ਬੇਟਾ,ਤੇਰੇ ਪਿਤਾ ਨੇ ਜਿਹੜਾ ਪੱਤਰ ਲਿਖਿਆ ਸੀ ਉਸ ਅਨੁਸਾਰ ਉਸ ਨੇ ਅਣਘੜਿਆ ਹੀਰਾ ਤੈਨੂੰ

ਕਿਹਾ ਸੀ ਤੇ ਕੰਮ ਸਿਖਾ ਕੇ ਤੈਨੂੰ ਹੀਰਾ ਬਣਾਉਣਾ ਸੀ। ਇਸ ਪੱਥਰ ਨੂੰ ਹੀਰਾ ਸਮਝਦਿਆਂ ਤੁਹਾਡੇ ਅੰਦਰ ਕੰਗਾਲੀ ਦੇ ਭਾਵ ਨਹੀਂ ਆਏ। ਤੁਹਾਡੇ ਅੰਦਰ ਸਵੈਮਾਣ ਦੀ ਭਾਵਨਾ ਕਾਇਮ ਰਹੀ ਜਿਸ ਕਰਕੇ ਤੂੰ ਜਲਦੀ ਹੀ ਇਸ ਕੰਮ ਵਿੱਚ ਮਾਹਿਰ ਹੋ ਗਿਆ। ਤੂੰ ਹੁਣ ਆਪਣੇ ਗੁਣ ਨਾਲ ਦੌਲਤ ਕਮਾ ਸਕਦਾ ਹੈਂ। -----

ਇੱਕ ਹੋਰ ਘਟਨਾ ਪੜ੍ਹੀ ਸੁਣੀ ਹੈ- ਅਮਰੀਕਾ ਦੇ ਇੱਕ ਸ਼ਹਿਰ ਦਾ ਇੱਕ ਵਪਾਰੀ ਦਿਵਾਲੀਆ ਹੋ ਗਿਆ। ਉਹ ਬੜਾ ਦੁੱਖੀ ਸੀ। ਇੱਕ ਦਿਨ ਪਾਰਕ ਵਿੱਚ ਬੈਠਾ ਆਤਮ ਹੱਤਿਆ ਕਰਨ ਬਾਰੇ ਸੋਚ ਰਿਹਾ ਸੀ। ਇੰਨੇ ਨੂੰ ਇੱਕ ਬਜ਼ੁਰਗ ਆ ਕੇ ਉਸ ਤੋਂ ਉਦਾਸੀ ਦਾ ਕਾਰਨ ਪੁੱਛਣ ਲੱਗਾ। ਜਦੋਂ ਦੁਖੀ ਵਪਾਰੀ ਨੇ ਉਸ ਨੂੰ ਆਪਣੇ ਦੁੱਖ ਬਾਰੇ ਦੱਸਿਆ ਤਾਂ ਉਸ ਬਜ਼ੁਰਗ ਨੇ ਆਪਣੇ ਕੋਟ ਦੀ ਜੇਬ ਵਿੱਚੋਂ ਚੈਕ ਬੁੱਕ ਕੱਢ ਕੇ ਇੱਕ ਚੈਂਕ ਕੱਟ ਕੇ ਦੇ ਦਿੱਤਾ। ਚੈਂਕ ਦੱਸ ਲੱਖ ਡਾਲਰ ਦਾ ਸੀ ਤੇ ਉਸ ਉੱਤੇ ਅਮਰੀਕਾ ਦੇ ਕਰੋੜਪਤੀ ਰਾਕ ਫੈਲਰ ਦੇ ਦਸਖਤ ਸਨ। ਦੁੱਖੀ ਵਪਾਰੀ ਖੁਸ਼ ਹੋ ਕੇ ਉਸ ਦਾ ਧੰਨਵਾਦ ਕਰਨ ਹੀ ਵਾਲਾ ਸੀ ਕਿ ਇੱਕ ਹਸਪਤਾਲ ਦੀ ਵੈਨ ਆਈ ਤੇ ਉਸ ਬਜ਼ੁਰਗ ਨੂੰ ਲੈ ਕੇ ਚਲੀ ਗਈ।

ਦੁਖੀ ਵਪਾਰੀ ਦੱਸ ਲੱਖ ਦਾ ਚੈਂਕ ਵੇਖਕੇ ਬਹੁਤ ਖੁਸ਼ ਸੀ। ਉਸ ਨੇ ਹੁਣ ਉਚੇਰੇ ਹੌਸਲੇ ਨਾਲ ਕੰਮ ਸ਼ੁਰੂ ਕਰ ਦਿੱਤਾ। ਉਸ ਨੇ ਕੇਵਲ ਉਸ ਚੈਂਕ ਨੂੰ ਵਿਖਾ ਕੇ ਕੁਝ ਸੌਦੇ ਕੀਤੇ ਤੇ ਮੁੜ ਕਾਮਯਾਬ ਹੋ ਗਿਆ। ਇੱਕ ਦੋ ਮਹੀਨਿਆਂ ਬਾਅਦ ਉਸ ਦੇ ਮਨ ਵਿੱਚ ਆਇਆ ਕਿ ਉਹ ਰਾਕਫੈਲਰ ਦਾ ਚੈਂਕ ਉਸ ਨੂੰ ਵਾਪਿਸ ਕਰ ਆਵੇ। ਉਹ ਉਸ ਹਸਪਤਾਲ ਵਿੱਚ ਪਹੁੰਚਿਆ ਜਿਸ ਦੀ ਵੈਨ ਉਸ ਬਜ਼ੁਰਗ ਨੂੰ ਲੈ ਕੇ ਗਈ ਸੀ। ਉਥੇ ਦੇ ਕਰਮਚਾਰੀਆਂ ਨੇ ਉਸ ਨੂੰ ਦੱਸਿਆ ਕਿ ਉਹ ਬਜ਼ੁਰਗ ਤਾਂ ਪਾਗਲ ਹੈ ਉਹ ਆਪਣੇ ਆਪ ਨੂੰ ਰਾਕ ਫੈਲਰ ਕਹਿੰਦਾ ਚੈਂਕ ਵੰਡਦਾ ਰਹਿੰਦਾ ਹੈ। ਇਹ ਜਾਣ ਕੇ ਵਪਾਰੀ ਬੜਾ ਹੈਰਾਨ ਹੋਇਆ। ਉਸ ਨੂੰ ਤਾਂ ਉਹ ਅਸਲੀ ਰਾਕ ਫੈਲਰ ਹੀ ਜਾਪਿਆ ਜਿਸ ਨੇ ਉਸਨੂੰ ਆਤਮ ਹੱਤਿਆ ਕਰਨ ਤੋਂ ਬਚਾਇਆ ਅਤੇ ਨਕਲੀ ਚੈਂਕ ਨੇ ਹੀ ਇਤਨਾ ਹੌਸਲਾ ਦਿੱਤਾ ਕਿ ਉਹ ਮੁੜ ਵਪਾਰ ਵਿੱਚ ਸਫਲ ਹੋਇਆ। ----

ਇਹ ਠੀਕ ਹੈ ਕਿ ਹਰ ਸਮੇਂ ਅਜਿਹੀਆਂ ਘਟਨਾਵਾਂ ਨਹੀਂ ਵਾਪਰਦੀਆਂ ਪਰ ਸਚਾਈ ਅਤੇ ਹੌਸਲੇ ਨਾਲ ਕੰਮ ਕਰਦਿਆਂ ਸਫਲਤਾ ਮਿਲ ਹੀ ਜਾਂਦੀ ਹੈ।

**ਭੁੱਲ ਚੁੱਕ ਖਿਮਾ**

Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are :

**AMRIT KIRTAN TRUST** Saving Bank A/c No. 65079603302, IFSC :SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਸੰਗੀਤਮਈ ਨਾਨਕ ਬਾਣੀ : ਪ੍ਰਗਤੀਸ਼ੀਲ ਵਿਚਾਰਧਾਰਾ ਦੇ ਵਿਸ਼ੇਸ਼ ਸੰਦਰਭ ਵਿਚ

**ਰਜਿੰਦਰ ਸਿੰਘ**

ਭਾਰਤੀ ਸੰਗੀਤ ਵਿਚ ਅਨੇਕ ਵਿਧਾਵਾਂ ਦੇਖਣ ਵਿਚ ਆਉਂਦੀਆਂ ਹਨ। ਮੱਧ ਕਾਲ ਵਿਚ ਸੰਗੀਤ ਦੀ ਇੱਕ ਨਵੀਨ ਧਾਰਾ ਜੋ 'ਗੁਰਮਤਿ ਸੰਗੀਤ' ਦੇ ਨਾਮ ਨਾਲ ਜਾਣੀ ਗਈ ਹੋਂਦ ਵਿਚ ਆਈ। ਗੁਰਮਤਿ ਸੰਗੀਤ ਆਪਣੇ ਮੌਲਿਕ ਸਵਰੂਪ ਕਾਰਨ ਭਾਰਤੀ ਸੰਗੀਤ ਦੀਆਂ ਹੋਰਨਾਂ ਵਿਧਾਵਾਂ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਪ੍ਰੋ. ਤਾਰਾ ਸਿੰਘ ਲਿਖਦੇ ਹਨ, "ਗੁਰਬਾਣੀ-ਸੰਗੀਤ ਕੋਈ ਵੱਖਰਾ ਸੰਗੀਤ ਨਹੀਂ। ਇਹ ਭਾਰਤੀ ਸੰਗੀਤ ਦਾ ਹੀ ਅਨਿੱਖੜ ਅੰਗ ਹੈ। ਗੁਰਬਾਣੀ ਸੰਗੀਤ ਦਾ ਮੂਲ ਆਧਾਰ ਵੀ ਭਾਰਤੀ ਸੰਗੀਤ ਹੀ ਹੈ। ਪਰ ਇਸ ਦੀਆਂ ਕੁਝ ਮੌਲਿਕ ਵਿਸ਼ੇਸ਼ਤਾਵਾਂ ਵੀ ਹਨ। ਜਿਸ ਕਾਰਣ ਇਸ ਨੇ ਭਾਰਤੀ ਸੰਗੀਤ ਅੰਦਰ ਇਕ ਨਿਵੇਕਲਾ ਸਥਾਨ ਪ੍ਰਾਪਤ ਕਰ ਲਿਆ ਹੈ।" ਗੁਰਮਤਿ ਸੰਗੀਤ ਦੇ ਅੰਤਰਗਤ ਰਾਗ ਅਧਾਰਿਤ ਬਾਣੀ ਦਾ ਗਾਇਨ ਪੁਰਾਤਨ ਸਮੇਂ ਤੋਂ ਲੈ ਕੇ ਵਰਤਮਾਨ ਵਿਚ ਵੀ ਕੀਰਤਨਕਾਰਾਂ ਵੱਲੋਂ ਕੀਤਾ ਜਾ ਰਿਹਾ ਹੈ। ਮੱਧ ਕਾਲ ਵਿਚ ਚੱਲੀ ਭਗਤੀ ਲਹਿਰ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਨੂੰ ਰਾਗ-ਬੱਧ ਕਰਕੇ ਗਾਇਆ ਅਤੇ ਜਨ-ਕਲਿਆਣਕਾਰੀ ਕਾਰਜ ਕੀਤੇ। ਗੁਰੂ ਸਾਹਿਬ ਸੰਗੀਤ ਦੀ ਅਦੁੱਤੀ ਸ਼ਕਤੀ ਤੋਂ ਬਾਖ਼ੂਬੀ ਜਾਣੂ ਸਨ। ਉਹ ਜਾਣਦੇ ਸਨ ਕਿ ਸੰਗੀਤ ਮਨੁੱਖੀ ਭਾਵਨਾਵਾਂ ਨੂੰ ਵਿਅਕਤ ਕਰਨ ਦਾ ਸਭ ਤੋਂ ਸਫ਼ਲ ਸਾਧਨ ਹੈ ਅਤੇ ਸੰਗੀਤ ਮਨੁੱਖੀ ਹਿਰਦਿਆਂ ਤੱਕ ਸਹਿਜੇ ਹੀ ਪਹੁੰਚ ਕਰ ਜਾਂਦਾ ਹੈ। ਪ੍ਰਮਾਤਮਾ ਨਾਲ ਜੋੜਨ ਅਤੇ ਭਾਈਚਾਰਕ ਸਾਂਝ ਪੈਦਾ ਲਈ ਗੁਰੂ ਸਾਹਿਬ ਨੇ ਸੰਗੀਤ ਨੂੰ ਇੱਕ ਸੰਚਾਰ ਮਾਧਿਅਮ ਵਜੋਂ ਵਰਤਿਆ ਹੈ। ਗੁਰੂ ਨਾਨਕ ਕੀਰਤਨ ਕਰਨ ਵਾਲੇ ਨੂੰ ਢਾਢੀ ਸ਼ਬਦ ਨਾਲ ਸੰਬੋਧਿਤ ਕਰਦੇ ਹਨ ਅਤੇ ਖ਼ੁਦ ਨੂੰ ਵੀ ਉਹਨਾਂ ਨੇ ਢਾਢੀ ਆਖਿਆ ਹੈ ਜਿਵੇਂ:

ਹਉ ਢਾਢੀ ਵੇਕਾਰੁ ਕਾਰੈ ਲਾਇਆ  
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ।।  
ਢਾਢੀ ਸਚੈ ਮਹਲਿ ਖਸਮਿ ਬੁਲਾਇਆ।।  
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 150)

ਗੁਰੂ ਨਾਨਕ ਦੇਵ ਦੁਆਰਾ ਬਾਣੀ ਰਚਨਾ ਹਿੱਤ 19 ਰਾਗਾਂ ਅਤੇ 17 ਉਪ ਰਾਗਾਂ ਦਾ ਪ੍ਰਯੋਗ ਕੀਤਾ ਗਿਆ। ਇਹਨਾਂ ਰਾਗਾਂ ਅਤੇ ਉਪਰਾਗਾਂ ਵਿਚ ਕੁੱਲ 976 ਸ਼ਬਦਾਂ ਦੀ ਰਚਨਾ ਕੀਤੀ ਗਈ ਜਿਹਨਾਂ ਦਾ ਵੇਰਵਾ ਹੇਠਾਂ ਦਿੱਤੇ ਅਨੁਸਾਰ ਹੈ:

| | ਰਾਗ | | ਉਪਰਾਗ |
|---|---|---|---|
| 1 | ਸਿਰੀ | 1 | ਗਉੜੀ ਗੁਆਰੇਰੀ |
| 2 | ਸੋਰਠ | 2 | ਗਉੜੀ ਚੇਤੀ |
| 3 | ਮਾਝ | 3 | ਗਉੜੀ ਬੈਰਾਗਣ |
| 4 | ਆਸਾ | 4 | ਗਉੜੀ ਪੂਰਬੀ ਦੀਪਕੀ |
| 5 | ਗਉੜੀ | 5 | ਗਉੜੀ ਪੂਰਬੀ |
| 6 | ਗੂਜਰੀ | 6 | ਆਸਾ ਕਾਫੀ |
| 7 | ਵਡਹੰਸ | 7 | ਸੂਹੀ ਕਾਫੀ |
| 8 | ਧਨਾਸਰੀ | 8 | ਮਾਰੂ ਕਾਫੀ |
| 9 | ਤਿਲੰਗ | 9 | ਬਸੰਤ ਹਿੰਡੋਲ |

| | | | |
|---|---|---|---|
| 10 | ਸੂਹੀ | 10 | ਪ੍ਰਭਾਤੀ ਵਿਭਾਸ |
| 11 | ਬਿਲਾਵਲ | 11 | ਗਉੜੀ ਦੀਪਕੀ |
| 12 | ਰਾਮਕਲੀ | 12 | ਗਉੜੀ ਦੱਖਣੀ |
| 13 | ਮਾਰੂ | 13 | ਵਡਹੰਸ ਦੱਖਣੀ |
| 14 | ਤੁਖਾਰੀ | 14 | ਬਿਲਾਵਲ ਦੱਖਣੀ |
| 15 | ਭੈਰਵ | 15 | ਰਾਮਕਲੀ ਦੱਖਣੀ |
| 16 | ਬਸੰਤ | 16 | ਮਾਰੂ ਦੱਖਣੀ |
| 17 | ਸਾਰੰਗ | 17 | ਪ੍ਰਭਾਤੀ ਦੱਖਣੀ |
| 18 | ਮਲਹਾਰ | | |
| 19 | ਪ੍ਰਭਾਤੀ | | |

ਮੱਧਕਾਲੀਨ ਭਗਤੀ ਕਾਵਿ ਅਸਲ ਵਿਚ ਪ੍ਰਗਤੀਸ਼ੀਲਤਾ ਨੂੰ ਪ੍ਰਣਾਇਆ ਹੋਇਆ ਸੀ। ਭਗਤ ਕਵੀਆਂ ਨੇ ਜੋ ਬਾਣੀ ਰਚੀ ਉਸ ਵਿਚ ਅਧਿਆਤਮਕ ਵੇਰਵਿਆਂ ਤੋਂ ਇਲਾਵਾ ਮਾਨਵੀ ਕਦਰਾਂ-ਕੀਮਤਾਂ ਦੀ ਗੱਲ ਵੀ ਕੀਤੀ ਗਈ। ਭਗਤ ਕਵੀਆਂ ਨੇ ਬਾਣੀ ਨੂੰ ਗੇਯ ਰੂਪ ਵਿਚ ਲੋਕਾਈ ਦੇ ਸਨਮੁੱਖ ਕੀਤਾ। ਡਾ.ਨਿਵੇਦਿਤਾ ਸਿੰਘ ਅਨੁਸਾਰ, "ਮੱਧਕਾਲੀਨ ਭਗਤੀ ਲਹਿਰ ਇਕ ਸੁਧਾਰਵਾਦੀ ਅੰਦੋਲਨ ਵਜੋਂ ਉਭਰੀ। ਅਧਿਆਤਮ-ਸਭਿਆਚਾਰ ਦਾ ਆਸਰਾ ਲੈ ਕੇ ਧਾਰਮਿਕ ਕੱਟੜਤਾ ਅਤੇ ਸਮਾਜਿਕ ਕੁਰੀਤੀਆਂ ਵਿਰੁੱਧ ਜਨਸਧਾਰਨ ਨੂੰ ਜਾਗ੍ਰਿਤ ਕਰਨ ਲਈ ਅਤੇ ਇਸ ਦੇ ਕਲਿਆਣ ਲਈ ਭਗਤ ਕਵੀਆਂ ਨੇ ਬਾਣੀ ਦੀ ਰਚਨਾ ਕੀਤੀ। ਇਸ ਲਈ ਉਹਨਾਂ ਨੇ ਸੰਗੀਤ ਜਿਹੇ ਸੰਚਾਰ-ਮਾਧਿਅਮ ਦੀ ਚੋਣ ਕੀਤੀ ਜੋ ਬੌਧਿਕਤਾ ਅਤੇ ਭਾਵਕਤਾ ਦਾ ਸੁਮੇਲ ਹੈ।" ਇਕ ਹੋਰ ਹਵਾਲੇ ਅਨੁਸਾਰ, "ਸੰਗੀਤ ਅਤੇ ਸਾਹਿਤ ਦੇ ਆਪਸੀ ਸਬੰਧ ਨੂੰ ਲੋਕਪ੍ਰਿਯ ਬਨਾਉਂਣ ਵਿਚ ਭਗਤੀ ਲਹਿਰ ਦੇ ਭਗਤ ਕਵੀਆਂ ਦਾ ਵਿਸ਼ੇਸ਼ ਯੋਗਦਾਨ ਹੈ ਜਿਹਨਾਂ ਨੇ ਆਪੋ ਆਪਣੀ ਕਵਿਤਾ ਨੂੰ ਰਾਗਾਂ ਅਧੀਨ ਰਚਿਆ ਅਤੇ ਭਗਤੀ ਗੀਤਾਂ ਦਾ ਗਾਇਨ ਦੁਆਰਾ ਪ੍ਰਚਾਰ ਵੀ ਕੀਤਾ।" ਗੁਰੂ ਨਾਨਕ ਦੇਵ ਦੁਆਰਾ ਵੀ ਸੰਗੀਤ ਨੂੰ ਸੰਚਾਰ-ਜੁਗਤ ਵਜੋਂ ਵਰਤਿਆ ਗਿਆ। ਬਾਣੀ ਅਤੇ ਸੰਗੀਤ ਦੇ ਆਪਸੀ ਸੁਮੇਲ ਨੇ ਪ੍ਰਗਤੀਸ਼ੀਲ ਸੋਚ ਦਾ ਪਾਸਾਰ ਕਰਨ ਵਿਚ ਅਹਿਮ ਯੋਗਦਾਨ ਦਿੱਤਾ। ਗੁਰੂ ਨਾਨਕ ਦੇਵ ਨੇ ਆਪਣੇ ਜੀਵਨ ਕਾਲ ਦੌਰਾਨ ਸਮਾਜ ਨੂੰ ਅਧਿਆਤਮਕ ਨਜ਼ਰੀਆਂ ਦੇਣ ਦੇ ਨਾਲ-ਨਾਲ ਪ੍ਰਗਤੀਸ਼ੀਲ ਸੋਚ ਦੇ ਧਾਰਣੀ ਵੀ ਬਣਾਉਂਣ ਦੇ ਜਤਨ ਕੀਤੇ। ਸੰਗੀਤ ਨੇ ਇਹਨਾਂ ਦੋਵਾਂ ਕਾਰਜਾਂ ਨੂੰ ਨੇਪਰੇ ਚਾੜਨ ਹਿੱਤ ਆਪਣੀ ਸਫ਼ਲ ਭੂਮਿਕਾ ਨਿਭਾਈ। ਗੁਰੂ ਨਾਨਕ ਨੇ ਸਮਾਜ ਕਲਿਆਣ ਦੇ ਲਈ ਉਦਾਸੀਆਂ ਕੀਤੀਆਂ ਅਤੇ ਇਸ ਦੌਰਾਨ ਭਾਈ ਮਰਦਾਨੇ ਨੂੰ ਆਪਣੇ ਨਾਲ ਰੱਖਿਆ। ਜਿੱਥੇ-ਜਿੱਥੇ ਵੀ ਗੁਰੂ ਸਾਹਿਬ ਗਏ ਉਥੇ ਉਹਨਾਂ ਨੇ ਆਪਣੇ ਸਾਥੀ ਭਾਈ ਮਰਦਾਨੇ ਦੀ ਰਬਾਬ ਨਾਲ ਇਲਾਹੀ ਬਾਣੀ ਦਾ ਉਚਾਰਣ ਕੀਤਾ। ਸੰਗੀਤਕ ਸੁਰਾਂਵਲੀਆਂ ਵਿਚ ਨਿਬੱਧ ਬਾਣੀ ਨੇ ਸਮੁੱਚੀ ਲੋਕਾਈ ਦਾ ਅਧਿਆਤਮਕ ਮਾਰਗਦਰਸ਼ਨ ਕਰਨ ਦੇ ਨਾਲ ਹੀ ਪ੍ਰਗਤੀਸ਼ੀਲ ਸੋਚ ਨੂੰ ਸਮਾਜ ਵਿਚ ਸਥਾਪਿਤ ਕੀਤਾ। ਗੁਰੂ ਨਾਨਕ ਦੇਵ ਦੁਆਰਾ ਸੰਗੀਤਬੱਧ ਬਾਣੀ ਦੇ ਉਚਾਰਣ ਦੀ ਜੋ ਇਹ ਪਿਰਤ ਪਾਈ ਗਈ ਉਸ ਨੇ ਅੱਗੇ ਚੱਲ ਕੇ ਕੀਰਤਨ ਪਰੰਪਰਾ ਦਾ ਰੂਪ ਧਾਰਨ ਕਰ ਲਿਆ। ਕੀਰਤਨ ਪਰੰਪਰਾ ਦੇ ਇਸ ਪ੍ਰਵਾਹ ਨੂੰ ਨਿਰੰਤਰ ਚਲਾਉਂਣ ਲਈ ਬਾਅਦ ਵਿਚ ਹੋਏ ਗੁਰੂ ਸਾਹਿਬਾਨ ਨੇ ਵੀ ਆਪਣਾ ਉਚੇਚਾ ਯੋਗਦਾਨ ਪਾਇਆ। 'ਗੁਰਮਤਿ ਸੰਗੀਤ' ਨਾਮਕ ਵੱਖਰੀ ਸੰਗੀਤਕ ਵਿਧਾ ਉੱਭਰ ਕੇ ਸਾਹਮਣੇ ਆਈ ਜਿਸ ਨੇ ਭਾਰਤੀ ਸੰਗੀਤ ਪਰੰਪਰਾ ਨੂੰ ਹੋਰ ਅਮੀਰ ਕਰ ਦਿੱਤਾ। ਇਸ ਤਰ੍ਹਾਂ ਗੁਰੂ ਸਾਹਿਬ ਨੇ ਸੰਗੀਤ ਅਤੇ ਬਾਣੀ ਦੇ ਸੁਮੇਲ

ਰਾਹੀਂ ਸਮਾਜ ਨੂੰ ਹੋਰ ਬਿਹਤਰ ਬਣਾਉਂਣ ਲਈ ਜੋ ਕਦਮ ਚੁੱਕੇ ਉਹ ਸ਼ਲਾਘਾਯੋਗ ਹਨ। ਇਸ ਸਬੰਧ ਵਿਚ ਕੁਝ ਉਦਾਹਰਨਾਂ ਹੇਠਾਂ ਦਿੱਤੇ ਅਨੁਸਾਰ ਹਨ:

**ਤਾਨਾਸ਼ਾਹ ਸੱਤਾਧਾਰੀ ਦਾ ਵਿਰੋਧ:**

ਗੁਰੂ ਸਾਹਿਬ ਬਾਣੀ ਦੇ ਸੰਗੀਤਕ ਰੂਪ ਰਾਹੀਂ ਤਾਨਾਸ਼ਾਹ ਸ਼ਾਸ਼ਕ ਬਾਬਰ ਦੇ ਵਿਰੁੱਧ ਆਪਣੇ ਨਿਡਰ ਅਤੇ ਕ੍ਰਾਂਤੀਕਾਰੀ ਹੋਣ ਦਾ ਸਬੂਤ ਦਿੰਦੇ ਹਨ। ਜਿੱਥੇ ਗੁਰੂ ਸਾਹਿਬ ਨੇ ਸੰਗੀਤ ਨੂੰ ਆਤਮਾ ਅਤੇ ਪ੍ਰਮਾਤਮਾ ਦੇ ਮਿਲਾਨ ਦਾ ਇੱਕ ਮਾਧਿਅਮ ਬਣਾਇਆ ਉਥੇ ਹੀ ਜ਼ਬਰ-ਜ਼ੁਲਮ ਦੇ ਵਿਰੁੱਧ ਵੀ ਸੰਗੀਤਮਈ ਬਾਣੀ ਨੂੰ ਵਰਤਿਆ। ਹਿੰਦੁਸਤਾਨ ਉੱਪਰ ਜਦੋਂ ਬਾਬਰ ਦੇ ਜ਼ਾਲਮ ਕਾਰਨਾਮਿਆਂ ਕਾਰਨ ਸਮਾਜ ਵਿਚ ਹਾਹਾਕਾਰ ਦਾ ਦੌਰ ਵਾਪਰਨ ਲੱਗਾ ਤਾਂ ਗੁਰੂ ਸਾਹਿਬ ਨੇ ਇਸ ਤਾਨਾਸ਼ਾਹੀ ਦਾ ਡੱਟ ਕੇ ਵਿਰੋਧ ਕੀਤਾ ਅਤੇ ਫ਼ਰਮਾਇਆ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।।
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ।। ੧।।
(ਆਸਾ, ਮਹਲਾ ਪਹਿਲਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-360)

ਗੁਰੂ ਨਾਨਕ ਭਾਈ ਲਾਲੋ ਨੂੰ ਸੰਬੋਧਨ ਕਰਦੇ ਹੋਏ ਬਾਬਰ ਹਮਲੇ ਬਾਰੇ ਬਿਆਨ ਕਰਦੇ ਹਨ ਕਿ ਕਿਸ ਤਰ੍ਹਾਂ ਉਹ ਕਾਬਲ ਤੋਂ ਆ ਕੇ ਹਿੰਦੁਸਤਾਨ ਉੱਤੇ ਆਪਣੀ ਜ਼ੋਰ ਅਜਮਾਇਸੀ ਕਰ ਰਿਹਾ ਹੈ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।।
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।।
(ਤਿਲੰਗ, ਮਹਲਾ ਪਹਿਲਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-722)

**ਸੁਚੱਜੀ ਜੀਵਨ ਜਾਚ ਦਾ ਸੰਦੇਸ਼:**

ਗੁਰੂ ਨਾਨਕ ਦੇਵ ਦੁਆਰਾ ਸਮੁੱਚੀ ਲੋਕਾਈ ਤੱਕ ਆਪਣੀ ਬਾਣੀ ਅਤੇ ਸੰਗੀਤ ਰਾਹੀਂ ਚੰਗਾ ਜੀਵਨ ਜਿਉਂਣ ਦਾ ਸੰਦੇਸ਼ ਦਿੱਤਾ ਗਿਆ। ਗੁਰੂ ਨਾਨਕ ਨੇ ਸੰਗੀਤ ਅਤੇ ਬਾਣੀ ਦੇ ਆਪਸੀ ਤਾਲਮੇਲ ਨਾਲ ਸੱਚ 'ਤੇ ਪਹਿਰਾ ਦੇਣ ਦੀ ਗੱਲ ਕੀਤੀ। ਗੁਰੂ ਸਾਹਿਬ ਬਾਣੀ ਦੁਆਰਾ ਜੀਵਨ ਫ਼ਲਸਫ਼ੇ ਬਾਰੇ ਇੰਝ ਦੱਸਦੇ ਹਨ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।
ਹੁਕਮਿ ਰਜਾਈ ਚੱਲਣਾ ਨਾਨਕ ਲਿਖਿਆ ਨਾਲਿ।।
(ਜਪੁ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ -1)

ਉਹ ਅਜਿਹੇ ਜੀਵਨ ਬਾਰੇ ਦੱਸਦੇ ਹਨ ਜਿਸ ਵਿਚ ਈਰਖਾ ਅਤੇ ਵੈਰ ਲਈ ਕੋਈ ਥਾਂ ਨਹੀਂ ਹੈ। ਚੰਗੇ ਗੁਣਾਂ ਅਤੇ ਮਿੱਠੇ ਸੁਭਾਅ ਨਾਲ ਹੀ ਜੀਵਨ ਸੋਹਣਾ ਬਣ ਸਕਦਾ ਹੈ :

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।।
(ਆਸਾ, ਮਹਲਾ ਪਹਿਲਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-470)

**ਕਿਰਤ ਦਾ ਸੰਕਲਪ:**

ਗੁਰੂ ਨਾਨਕ ਸਾਹਿਬ ਨੇ ਕਿਰਤ ਦੇ ਮਹੱਤਵ ਬਾਰੇ ਬੜੀ ਹੀ ਸੰਜੀਦਗੀ ਨਾਲ ਗੱਲ ਕੀਤੀ ਹੈ। ਉਹਨਾਂ ਨੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਸੁਨੇਹਾ ਦਿੱਤਾ ਹੈ। ਨਾਨਕ ਬਾਣੀ ਨੇ ਮਿਹਨਤਕਸ਼ ਲੋਕਾਂ ਨੂੰ ਸਰਾਹੁਣ ਦੇ ਨਾਲ-ਨਾਲ ਸਮਾਜ ਦੇ ਨਕਾਰਾਤਮਕ ਸੋਚ ਦੇ ਧਾਰਨੀਆਂ ਉੱਤੇ ਤਨਜ ਕੱਸਿਆ ਹੈ।

ਕੁਝ ਲੋਕ ਜੋ ਗ੍ਰਹਿਸਥੀ ਜੀਵਨ ਤੋਂ ਬੇਮੁੱਖ ਹੋ ਕੇ ਜੰਗਲਾਂ ਵਿੱਚ ਜਾ ਕੇ ਪੂਜਾ ਪਾਠ ਕਰਦੇ ਸਨ ਅਤੇ ਭੋਜਨ ਵੀ ਉਹ ਗ੍ਰਹਿਸਥੀਆਂ ਤੋਂ ਮੰਗ ਕੇ ਖਾਂਦੇ ਸਨ ਇਸ ਸਾਰੇ ਵਰਤਾਰੇ ਨੂੰ ਦੇਖ ਗੁਰੂ ਸਾਹਿਬ ਨੇ ਬਾਣੀ ਉਚਾਰੀ :

ਮਖਟੂ ਹੋਇ ਕੈ ਕੰਨ ਪੜਾਏ।।
ਫਕਰੁ ਕਰੇ ਹੋਰੁ ਜਾਤਿ ਗਵਾਏ।।
ਗੁਰੁ ਪੀਰੁ ਸਦਾਏ ਮੰਗਣ ਜਾਇ।।
ਤਾ ਕੈ ਮੂਲਿ ਨ ਲਗੀਐ ਪਾਇ।।
(ਸਾਰੰਗ, ਮਹਲਾ ਪਹਿਲਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1245)

ਗੁਰੂ ਸਾਹਿਬ ਬੜੀ ਹੀ ਬੇਬਾਕੀ ਨਾਲ ਉਸ ਬਾਰੇ ਵੀ ਗੱਲ ਕਰਦੇ ਹਨ ਜੋ ਦੂਜਿਆਂ ਦਾ ਮਿਹਨਤ ਦਾ ਧਨ ਲੁੱਟ ਕੇ ਖਾਂਦੇ ਹਨ, ਦੂਜਿਆਂ ਦੀ ਕਿਰਤ ਉੱਤੇ ਕਬਜਾ ਕਰਦੇ ਹਨ:

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।।
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰ ਨ ਖਾਇ।।
(ਮਾਝ, ਮਹਲਾ ਪਹਿਲਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ -141)

ਗੁਰੂ ਸਾਹਿਬ ਨੇ ਕਿਰਤ ਕਰੋ ਦੇ ਸੰਕਲਪ ਨੂੰ ਵਿਵਹਾਰਿਕ ਰੂਪ ਵਿਚ ਖ਼ੁਦ ਵੀ ਆਪਣੇ ਜੀਵਨ ਵਿਚ ਢਾਲਿਆ। ਆਪਣੇ ਜੀਵਨ ਦੇ ਅੰਤਲੇ ਵਰ੍ਹਿਆਂ ਵਿਚ ਗੁਰੂ ਸਾਹਿਬ ਨੇ ਕਰਤਾਰਪੁਰ ਸਾਹਿਬ ਵਿਖੇ ਹੱਥੀਂ ਖੇਤੀ ਕੀਤੀ ਅਤੇ ਹੱਕ ਹਲਾਲ ਦੀ ਰੋਟੀ ਖ਼ਾਧੀ।

**ਔਰਤ ਪ੍ਰਤੀ ਦ੍ਰਿਸ਼ਟੀਕੋਣ:**

ਭਾਰਤੀ ਸਮਾਜ ਸ਼ੁਰੂ ਤੋਂ ਹੀ ਮਰਦ ਪ੍ਰਧਾਨ ਸਮਾਜ ਹੋਣ ਕਾਰਨ ਇਸ ਵਿਚ ਔਰਤ ਦੀ ਸਥਿਤੀ ਗੌਣ ਹੀ ਰਹੀ ਹੈ। ਉਸ ਨੂੰ ਕਦੇ ਵੀ ਆਪਣੇ ਮਨ ਦੇ ਭਾਵਾਂ ਨੂੰ ਉਜਾਗਰ ਕਰਨ ਦਾ ਮੌਕਾ ਨਹੀਂ ਮਿਲਿਆ। ਗੁਰੂ ਸਾਹਿਬ ਨੇ ਸਮਕਾਲੀਨ ਸਮਾਜਿਕ ਔਰਤ ਦੀ ਤਰਸਯੋਗ ਹਾਲਤ ਨੂੰ ਸੁਧਾਰਨ ਹਿੱਤ ਬਾਣੀ ਦੀ ਰਚਨਾ ਕੀਤੀ। ਆਪਣੀ ਇਸ ਬਾਣੀ ਨੂੰ ਸੰਗੀਤ ਦਾ ਜਾਮਾ ਪਹਿਨਾਕੇ ਗੁਰੂ ਸਾਹਿਬ ਨੇ ਔਰਤ ਦਾ ਦਰਜਾ ਉੱਚਾ ਚੁੱਕਣ ਦਾ ਜਤਨ ਕੀਤਾ ਹੈ। ਔਰਤ ਦੀ ਤਰਸਯੋਗ ਹਾਲਤ ਦੇ ਵੇਰਵੇ ਨੂੰ ਗਾਇਨ ਰੂਪ ਵਿਚ ਪੇਸ਼ ਕਰਕੇ ਮਰਦ ਪ੍ਰਧਾਨ ਸਮਾਜ ਨੂੰ ਸੋਚੀਂ ਪਾ ਦਿੱਤਾ। ਉਹਨਾਂ ਦਾ ਕਹਿਣਾ ਸੀ ਕਿ ਔਰਤ ਹੀ ਇਸ ਜਗਤ ਦੀ ਜਨਣੀ ਹੈ ਤੇ ਉਹ ਹੀ ਮਹਾਨ ਯੋਧਿਆਂ ਅਤੇ ਪੀਰ-ਪੈਗੰਬਰਾਂ ਨੂੰ ਜਨਮ ਦੇਣ ਵਾਲੀ ਹੈ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।
(ਆਸਾ, ਮਹਲਾ ਪਹਿਲਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-473)

**ਪਾਖੰਡਵਾਦ ਦਾ ਵਿਰੋਧ:**

ਜਿਸ ਸਮੇਂ ਗੁਰੂ ਨਾਨਕ ਸਾਹਿਬ ਦਾ ਆਗਮਨ ਹੋਇਆ ਉਸ ਸਮੇਂ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਹਰ ਖੇਤਰ ਵਿਚ ਕੁਰੀਤੀਆਂ ਦਾ ਬੋਲਬਾਲਾ ਸੀ। ਧਰਮ ਸਿਰਫ਼ ਲੁੱਟ ਦਾ ਜ਼ਰੀਆ ਬਣ ਚੁੱਕਾ ਸੀ। ਪਾਖੰਡ ਦੀ ਆੜ ਵਿਚ ਭੇਖੀ ਪੰਡਿਤ ਜਨਤਾ ਦਾ ਸ਼ੋਸ਼ਣ ਕਰ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਬਾਣੀ ਦੇ ਗਾਇਨ ਰਾਹੀਂ ਪਾਖ਼ੰਡਵਾਦ ਬਾਰੇ ਚਰਚਾ ਕੀਤੀ। ਇਸ ਸਬੰਧ ਵਿਚ ਇਕ ਸਾਖ਼ੀ ਇਸ ਤਰ੍ਹਾਂ ਜਦੋਂ ਗੁਰੂ ਸਾਹਿਬ ਨੂੰ ਛੋਟੇ ਹੁੰਦਿਆਂ ਜਨੇਊ ਪਾਉਂਣ ਦੀ ਰਸਮ ਕੀਤੀ ਜਾ ਰਹੀ ਸੀ ਤਾਂ ਉਹਨਾਂ ਨੇ ਪ੍ਰਗਤੀਸ਼ੀਲ ਸੋਚ

ਦੇ ਧਾਰਣੀ ਹੋਣ ਦਾ ਸਬੂਤ ਦਿੱਤਾ ਅਤੇ ਬਾਣੀ ਉਚਾਰੀ :

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।।
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ।।
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨਾ ਜਾਇ।।
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ।।
(ਆਸਾ, ਮਹਲਾ ਪਹਿਲਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-471)

**ਜਾਤ-ਪਾਤ ਦਾ ਖੰਡਨ:**

ਗੁਰੂ ਨਾਨਕ ਨੇ ਸਮਾਜ ਵਿਚ ਮੌਜੂਦ ਜਾਤ-ਪਾਤ ਦੇ ਭੇਦ-ਭਾਵ ਨੂੰ ਮਿਟਾਉਂਣ ਲਈ ਵੀ ਬਾਣੀ ਦੀ ਰਚਨਾ ਕੀਤੀ। ਉੱਚ ਕੁੱਲ ਦੇ ਲੋਕ ਨੀਵੀਂ ਜਾਤੀ ਨਾਲ ਬੜਾ ਹੀ ਦੁਰਵਿਵਹਾਰ ਕਰਦੇ ਸਨ। ਸਮਾਜ ਵਿਚ ਜੋ ਰੁੱਤਬਾ ਇੱਕ ਮਨੁੱਖ ਨੂੰ ਮਿਲਣਾ ਚਾਹੀਦਾ ਸੀ ਉਹ ਨਹੀਂ ਦਿੱਤਾ ਜਾਂਦਾ ਸੀ। ਸੰਗੀਤ ਦੇ ਮਾਧਿਅਮ ਨਾਲ ਗੁਰੂ ਜੀ ਨੇ ਜਾਤ-ਪਾਤ ਦੇ ਭੇਦਭਾਵ ਨੂੰ ਵੀ ਮਿਟਾਉਂਣ ਦਾ ਕੰਮ ਕੀਤਾ। ਗੁਰੂ ਨਾਨਕ ਨੇ ਜਾਤ-ਪਾਤ ਤੋਂ ਉੱਪਰ ਉੱਠ ਕੇ ਮਨੁੱਖਾਂ ਨੂੰ ਮਨੁੱਖਤਾ ਦਾ ਪਾਠ ਪੜ੍ਹਾਇਆ। ਭਾਈ ਮਰਦਾਨਾ ਜੋ ਡੂਮ ਜਾਤੀ ਨਾਲ ਸਬੰਧਿਤ ਸੀ ਗੁਰੂ ਜੀ ਨੇ ਉਸ ਨੂੰ ਆਪਣੇ ਆਖ਼ਰੀ ਸਮੇਂ ਤੱਕ ਨਾਲ ਰੱਖਿਆ। ਗੁਰੂ ਨਾਨਕ ਅਤੇ ਮਰਦਾਨੇ ਦੀ ਜੋੜੀ ਨੇ ਅੱਗੇ ਚੱਲ ਕੇ ਗੁਰਬਾਣੀ ਸੰਗੀਤ ਦੇ ਖ਼ੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ। ਗੁਰੂ ਸਾਹਿਬ ਜਾਤਿ -ਪਾਤਿ ਦੇ ਇਸ ਭੇਦਭਾਵ ਬਾਰੇ ਇੰਝ ਫ਼ਰਮਾਉਂਦੇ ਹਨ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।।
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ।।
(ਸਿਰੀਰਾਗੁ, ਮਹਲਾ ਪਹਿਲਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-15)

**ਸਿੱਟਾ:** ਪੰਜਾਬ ਦੀ ਪ੍ਰਗਤੀਸ਼ੀਲ ਵਿਚਾਰਧਾਰਾ ਨਾਲ ਓਤ-ਪ੍ਰੋਤ ਸੰਗੀਤਕ ਵਿਰਾਸਤ ਦੀ ਜੇਕਰ ਗੱਲ ਕਰੀਏ ਤਾਂ ਗੁਰੂ ਨਾਨਕ ਦੇਵ ਨੇ ਇਸ ਵਿਚ ਆਪਣਾ ਬਹੁਪੱਖੀ ਯੋਗਦਾਨ ਦਿੱਤਾ ਹੈ। ਸਮਕਾਲੀਨ ਸਮਾਜ ਜੋ ਕੁਰਾਹੇ ਪਿਆ ਸਹਿਕ ਰਿਹਾ ਸੀ ਉਸ ਨੂੰ ਗੁਰੂ ਨਾਨਕ ਨੇ ਸੇਧ ਦਿੱਤੀ। ਆਪਣੀ ਬਾਣੀ ਰਾਹੀਂ ਵਿਗਿਆਨਿਕ ਦ੍ਰਿਸ਼ਟੀਕੋਣ ਦੇ ਜ਼ਰੀਏ ਲੋਕਾਈ ਨੂੰ ਅੰਧਕਾਰ ਦੇ ਕਾਲੇ ਦੌਰ ਵਿਚੋਂ ਬਾਹਰ ਕੱਢਿਆ। ਗੁਰੂ ਨਾਨਕ ਨੇ ਆਪਣੀ ਬਾਣੀ ਨੂੰ ਸੰਗੀਤ ਵਿਚ ਨਿਬੱਧ ਕੀਤਾ ਜਿਸ ਨਾਲ ਬਾਣੀ ਦਾ ਸੰਦੇਸ਼ ਹੋਰ ਵਿਆਪਕ ਹੋ ਗਿਆ। ਮਨੁੱਖੀ ਜੀਵਨ ਦੇ ਹਰ ਖੇਤਰ ਵਿਚ ਸੁਧਾਰਾਂ ਲਈ ਗੁਰੂ ਸਾਹਿਬ ਨੇ ਹੰਭਲਾ ਮਾਰਿਆ। ਇਸ ਤਰ੍ਹਾਂ ਗੁਰੂ ਨਾਨਕ ਨੇ ਇੱਕ ਨਵੇਕਲੇ ਧਰਮ ਨੂੰ ਜਨਮ ਦਿੱਤਾ ਜੋ ਸਮੁੱਚੀ ਲੋਕਾਈ ਜੀਵਨ ਨੂੰ ਸਹੀ ਰਸਤੇ ਪਾਉਂਣ ਵਿਚ ਸਮਰੱਥ ਹੋਇਆ। ਅਧਿਆਤਮਿਕ ਗਿਆਨ ਦੇ ਨਾਲ-ਨਾਲ ਪ੍ਰਗਤੀਸ਼ੀਲਤਾ ਨੂੰ ਪ੍ਰਣਾਇਆ ਜੀਵਨ ਜਿਉਂਣ ਦੀ ਜਾਚ ਵੀ ਦਿੱਤੀ ਜੋ ਸਮਾਜ ਨੂੰ ਅੱਗੇ ਵਧਣ ਵਿਚ ਕਾਰਗਰ ਸਾਬਿਤ ਹੋਈ। ਇਸ ਸਾਰੇ ਸੰਦੇਸ਼ ਨੂੰ ਰਾਗਮਈ ਵਿਵਸਥਾ ਰਾਹੀਂ ਪ੍ਰਸਤਾਰਿਤ ਕਰਨਾ ਗੁਰੂ ਨਾਨਕ ਦੀ ਲੋਕਾਈ ਨੂੰ ਅਮੁੱਲ ਦੇਣ ਹੈ।

**ਖ਼ੋਜਾਰਥੀ, ਸੰਗੀਤ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**
**ਸੰਪਰਕ: 90237-12455**
**ਈ.ਮੇਲ: rajinder.sinhmar92@gmail.com**

# ਵਸ਼ਿਸ਼ਟ ਗੁਰਬਾਣੀ ਗਾਇਕ ਭਾਈ ਦੇਵਿੰਦਰ ਸਿੰਘ

**ਨਵਜੋਤ ਕੌਰ ਕਸੇਲ**

### 1. ਗੁਰਮਤਿ ਵਿੱਚ ਕੀਰਤਨ ਦਾ ਅਦੁੱਤੀ ਮਹੱਤਵ

ਸਮੁੱਚੇ ਭਾਰਤ ਦੇ ਸਾਂਸਕ੍ਰਿਤਕ ਜੀਵਨ ਅਤੇ ਵਿਸ਼ੇਸ਼ ਕਰਕੇ ਪੰਜਾਬ ਦੇ ਸਭਿਆਚਾਰ ਅਤੇ ਕਲਾ ਉੱਤੇ ਗੁਰਮਤਿ ਨੇ ਆਪਣੀ ਵਿਸ਼ੇਸ਼ ਛਾਪ ਲਾਈ ਹੈ। ਗੁਰਮਤਿ ਜਾਂ ਸਿੱਖ ਜੀਵਨ ਦਰਸ਼ਨ ਦਾ ਮੁੱਖ ਆਧਾਰ ਅਤੇ ਟੇਕ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ, ਜੋ ਗੁਰਬਾਣੀ ਦਾ ਅਮੋਲਕ ਖ਼ਜ਼ਾਨਾ ਅਤੇ ਅਦੁਤੀ ਭੰਡਾਰ ਹੈ। ਗੁਰਬਾਣੀ ਉਚਕੋਟੀ ਦੀ ਕਾਵਿ-ਰਚਨਾ ਹੈ। ਸੰਗੀਤ ਅਤੇ ਰਾਗ ਨਾਲ ਇਸ ਦਾ ਅਟੁੱਟ ਸੰਬੰਧ ਹੈ। ਗੁਰਬਾਣੀ ਦਾ ਬਹੁਤ ਸਾਰਾ ਭਾਗ ਰਾਗਾਂ ਅਨੁਸਾਰ ਰਚਿਆ ਗਿਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰਬਾਣੀ ਨੂੰ 31 ਰਾਗਾਂ ਦੇ ਸਿਰਲੇਖਾਂ ਅਧੀਨ ਅੰਕਿਤ ਕੀਤਾ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਵਰਗੇ ਪ੍ਰਮੁੱਖ ਗੁਰਮਤਿ ਆਚਾਰੀਆ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 31 ਰਾਗਾਂ ਦਾ ਹੀ ਉਲੇਖ ਕਰਦੇ ਹਨ, ਪਰ ਵਰਤਮਾਨ ਕਾਲ ਦੇ ਸੰਗੀਤ ਖੋਜੀਆਂ ਪ੍ਰੋ. ਤਾਰਾ ਸਿੰਘ ਅਤੇ ਡਾ. ਜੋਗਿੰਦਰ ਸਿੰਘ ਬਾਵਰਾ ਨੇ ਇਨ੍ਹਾਂ ਰਾਗਾਂ ਦੀ ਗਿਣਤੀ 65 ਦੇ ਲਗਭਗ ਦੱਸੀ ਹੈ ਜੋ ਸੰਗੀਤ ਦੀ ਕ੍ਰਿਆਤਮਕ ਦ੍ਰਿਸ਼ਟੀ ਤੋਂ ਠੀਕ ਸਿੱਧ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਰਾਗਾਂ ਵਿੱਚ ਹੋਣਾ ਹੀ ਸਿੱਧ ਕਰਦਾ ਹੈ ਕਿ ਇਸ ਰੱਬੀ ਬਾਣੀ ਦਾ ਆਪਣਾ ਹੀ ਵਿਸ਼ੇਸ਼ ਸੰਗੀਤ ਪ੍ਰਬੰਧ ਅਤੇ ਗਾਇਨ ਵਿਧਾਨ ਹੈ। ਭਾਰਤੀ ਸੰਗੀਤ ਵਿੱਚ ਨਿਸ਼ਚੈ ਹੀ ਗੁਰਮਤਿ ਸੰਸਕ੍ਰਿਤੀ ਨੇ ਕਈ ਪ੍ਰਣਾਲੀਆਂ ਦਾ ਵਾਧਾ ਕੀਤਾ ਹੈ। ਇਨ੍ਹਾਂ ਵਿੱਚੋਂ ਹੀ ਇੱਕ ਵਿਸ਼ੇਸ਼ ਸੰਗੀਤ ਪ੍ਰਣਾਲੀ ਸਿੱਖ ਕੀਰਤਨਕਾਰਾਂ ਜਾਂ ਗੁਰਬਾਣੀ ਗਾਇਕਾਂ ਦੀ ਹੈ, ਜਿਨ੍ਹਾਂ ਦੀ ਨਿਰੰਤਰ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਵਰਤਮਾਨ ਕਾਲ ਤੱਕ ਚਲੀ ਆ ਰਹੀ ਹੈ। ਸਿੱਖ ਪਰੰਪਰਾ ਅਨੁਸਾਰ ਗੁਰਬਾਣੀ ਦੇ ਗਾਇਕਾਂ ਨੂੰ ਰਬਾਬੀ ਜਾਂ ਰਾਗੀ ਕਰਕੇ ਜਾਣਿਆ ਜਾਂਦਾ ਰਿਹਾ ਹੈ। ਰਬਾਬੀ ਪਰੰਪਰਾ ਵਿੱਚ ਗੁਰੂ ਨਾਨਕ ਦੇਵ ਜੀ ਦੇ ਸਾਥੀ ਭਾਈ ਮਰਦਾਨਾ ਦੀ ਸੰਤਾਨ ਦਾ ਵਧੇਰੇ ਯੋਗਦਾਨ ਹੈ। ਰਬਾਬ ਅਤੇ ਹੋਰ ਤਾਰਦਾਰ ਸਾਜ਼ਾ ਦੁਆਰਾ ਕੀਰਤਨ ਕਰਨ ਕਾਰਣ ਇਨ੍ਹਾਂ ਨੂੰ ਰਬਾਬੀਆਂ ਦੀ ਸੰਗਿਆ ਦਿੱਤੀ ਗਈ ਹੈ। ਪਰ ਰਾਗੀਆਂ ਦਾ ਵੀ ਉਤਨਾ ਹੀ ਵਡੇਰਾ ਯੋਗਦਾਨ ਹੈ। ਇਹ ਉਹ ਗੁਰੂ ਵਰੋਸਾਏ ਗਾਇਕ-ਜਨ ਸਨ, ਜਿਨ੍ਹਾਂ ਨੂੰ ਗੁਰੂ ਘਰ ਵਲੋਂ ਗੁਰਬਾਣੀ ਨੂੰ ਗਾਉਣ ਦਾ ਆਦੇਸ਼ ਦਿੱਤਾ ਗਿਆ ਸੀ। ਅਨੰਦ ਸਾਹਿਬ ਵਿੱਚ ਗੁਰੂ ਅਮਰਦਾਸ ਜੀ ਦਾ ਕਥਨ ਹੈ:

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗ ਪਾਣੀ ॥
ਕਹੈ ਨਾਨਕ ਸਦਾ ਗਾਵਹੁ ਏਹ ਸਚੀ ਬਾਣੀ ॥

(ਰਾਮਕਲੀ ॥ ) ਅਨੰਦ ਮਹਲਾ

ਜਪੁਜੀ ਸਾਹਿਬ ਵਿੱਚ ਗੁਰੂ ਨਾਨਕ ਦੇਵ ਜੀ ਦਾ ਫਰਮਾਨ ਹੈ:

ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥

ਅਰਥਾਤ ਗੁਰਬਾਣੀ ਦੇ ਗਾਉਣ ਅਤੇ ਹਰੀ ਦਾ ਕੀਰਤਨ ਕਰਨ ਨਾਲ ਅਤੇ ਉਸ ਨੂੰ ਸੁਣਨ ਨਾਲ ਮਨ ਵਿੱਚ ਪ੍ਰਭੂ ਦਾ ਪ੍ਰੇਮ ਉਤਪੰਨ ਹੁੰਦਾ ਹੈ। ਫਲਸਰੂਪ ਮਨ ਦੇ ਸਾਰੇ ਕਲ-ਕਲੇਸ਼ ਦੂਰ ਹੋ ਜਾਂਦੇ ਹਨ ਅਤੇ ਹਿਰਦੇ ਵਿੱਚ ਸਹਿਜ ਅਨੰਦ ਦਾ ਸੁਖਮਈ ਵਾਸਾ ਹੁੰਦਾ ਹੈ।

ਗੁਰੂ ਸਾਹਿਬਾਨ ਦੇ ਇਨ੍ਹਾਂ ਹੁਕਮਾਂ ਦੀ ਪਾਲਣਾ ਵਿੱਚ ਹੀ ਇਨ੍ਹਾਂ ਰਬਾਬੀਆਂ ਅਤੇ ਰਾਗੀਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ ਅਤੇ ਜਗਿਆਸੂਆਂ ਅਤੇ ਸੰਸਾਰੀਆਂ ਨੂੰ ਨਾਮ ਅੰਮ੍ਰਿਤ ਦੀ ਵਰਖਾ ਕਰਕੇ ਉਨ੍ਹਾਂ ਦੇ ਤਪਦੇ ਹਿਰਦਿਆਂ ਨੂੰ ਸ਼ਾਂਤ ਕੀਤਾ। ਇਹ ਇੱਕ ਪ੍ਰਕਾਰ ਦਾ ਸੰਗੀਤ ਦਾ ਮਾਰਗੀ ਲਕਸ਼ ਹੀ ਸੀ ਜੋ ਇਨ੍ਹਾਂ ਰਾਗੀਆਂ ਅਤੇ ਰਬਾਬੀਆਂ ਨੇ ਆਪਣੀ ਕਲਾ ਸਾਧਨਾ ਦੁਆਰਾ ਨਿਭਾਇਆ। ਮਹਾਨ ਕੋਸ਼ ਵਿੱਚ ਕੀਰਤਨ ਦੀ ਸ਼ਾਬਦਿਕ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ, 'ਗੁਰਮਤਿ ਵਿੱਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉਂ 'ਕੀਰਤਨ' ਹੈ "ਕੀਰਤਨ ਨਾਮੁ ਸਿਮਰਤ ਰਹਉ", (ਬਿਲਾਵਨ ਮ:੫)

ਰਾਗ ਦੇ ਸੰਬੰਧ ਵਿੱਚ ਨਿਮਨ ਲਿਖਤ ਪਰਿਭਾਸ਼ਾ ਕੀਤੀ ਗਈ ਹੈ, "ਸੰਗੀਤ ਵਿਦਯਾ ਅਨੁਸਾਰ ਸ੍ਵਰ-ਪ੍ਰਬੰਧ, ਜਿਸ ਦੇ ਸੁਣਨ ਤੋਂ ਮਨ ਵਿੱਚ ਰਾਗ (ਪ੍ਰੇਮ) ਉਪਜੇ, ਰਾਗ ਦਾ ਮੂਲ ਸ਼ੜਜ, ਰਿਸ਼ਭ, ਗੰਧਾਰ, ਮਾਧਿਅਮ, ਪੰਚਮ, ਧੈਵਤ ਅਤੇ ਨਿਸ਼ਾਦ ਵਿੱਚ ਸੱਤ ਸੁਰ ਹਨ, ਰਾਗ ਨਾਦ ਸਬਦਿ ਸੋਹਣੇ" (ਮ: 3 ਵਾਰ ਬਿਲਾਵਲ).

ਰਾਗੀ ਦੇ ਸ਼ਾਬਦਕ ਅਰਥ ਵੀ ਉਸ ਗਾਇਕ ਦੇ ਹਨ ਜੋ ਰਾਗ ਅਨੁਸਾਰ ਗੁਰਬਾਣੀ ਦਾ ਕੀਰਤਨ ਪ੍ਰੇਮ ਰੰਗ ਵਿੱਚ ਰੰਗ ਕੇ

ਕਰਦਾ ਹੈ। 1. ਰਾਗੀ-ਪ੍ਰੇਮੀ 2. ਸੰਗਯਾ-ਰਾਗ (ਸੁਰ ਆਲਾਪ) ਕਰਨ ਵਾਲਾ, ਗਾਯਕ, ਗਵੈਯਾ ਖਾਸ ਕਰਕੇ ਗੁਰਬਾਣੀ ਦਾ ਕੀਰਤਨ ਕਰਨ ਵਾਲਾ।"

ਗੁਰੂ ਸਾਹਿਬਾਨ ਅਤੇ ਸਿੱਖਾਂ ਦੇ ਪ੍ਰਮੁੱਖ ਗੁਰਦੁਆਰਿਆਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿੱਚ ਕੀਰਤਨ ਕਰਨ ਵਾਲੇ ਗਾਇਕਾਂ ਨੂੰ ਹਜ਼ੂਰੀ ਰਾਗੀ ਹੋਣ ਦਾ ਮਾਣ ਬਖ਼ਸ਼ਿਆ ਗਿਆ ਹੈ। ਇਨ੍ਹਾਂ ਗਾਇਕਾਂ ਦੀ ਸਥਾਪਿਤ ਪਰੰਪਰਾ ਵੀ ਸਿੱਖ ਗੁਰੂ ਸਾਹਿਬਾਨ ਜਿਨੀ ਹੀ ਪੁਰਾਤਨ ਹੈ ਅਤੇ ਇਨ੍ਹਾਂ ਦੀ ਗਾਇਕੀ ਅਤੇ ਗਾਇਨ ਸ਼ੈਲੀ ਦਾ ਨਿਵੇਕਲਾ ਹੀ ਵਿਧੀ ਵਿਧਾਨ ਹੈ। ਗੁਰਮਤਿ ਦੀ ਇਸ ਸੰਗੀਤ ਪਰੰਪਰਾ ਨੇ ਪੰਜਾਬ ਦੇ ਇਸ ਅਧਿਆਤਮਕ ਸੰਗੀਤ ਨੂੰ ਵਿਸ਼ਵ-ਵਿਆਪੀ ਪ੍ਰਸਿੱਧੀ ਤੇ ਮਹਾਨਤਾ ਦਿੱਤੀ ਹੈ।

ਇਸ ਸਿੱਖ ਅਧਿਆਤਮਕ ਸੰਗੀਤ ਪਰੰਪਰਾ ਨਾਲ ਸੰਬੰਧਤ ਵਰਤਮਾਨ ਸਮੇਂ ਦੇ ਇੱਕ ਪ੍ਰਮੁੱਖ ਗਾਇਕ ਅਤੇ ਕੀਰਤਨਕਾਰ ਭਾਈ ਦੇਵਿੰਦਰ ਸਿੰਘ ਦੀ ਕਲਾ ਸਾਧਨਾ ਅਤੇ ਦੇਣ ਬਾਰੇ ਅਗਲੇ ਪੰਨਿਆਂ ਵਿੱਚ ਚਰਚਾ ਕੀਤੀ ਗਈ ਹੈ। ਇਸ ਪ੍ਰਮੁੱਖ ਕੀਰਤਨਕਾਰ ਨੂੰ ਅਸੀਂ ਇਸ ਪਰੰਪਰਾ ਦੇ ਪ੍ਰਤੀਨਿਧ ਗਾਇਕ ਵਜੋਂ ਸੁਣਿਆ ਹੈ, ਜਿਸ ਨੇ ਬਚਪਨ ਤੋਂ ਲੈ ਕੇ ਪ੍ਰੌੜ ਆਯੂ ਤੱਕ ਇਸ ਪਰੰਪਰਾ ਨਾਲ ਸਕਰਮਕ ਰੂਪ ਵਿੱਚ ਆਪਣੇ ਆਪ ਨੂੰ ਜੋੜੀ ਰੱਖਿਆ ਹੈ ਅਤੇ ਆਪਣੇ ਸੰਗੀਤ ਦੇ ਵਿਸ਼ੇਸ਼ ਅਤੇ ਵਿਅਕਤੀਗਤ ਅਨੁਭਵ ਦੁਆਰਾ ਇਸ ਪਰੰਪਰਾ ਨੂੰ ਕੁਝ ਨਵੀਆਂ ਦੇਣਾਂ ਦੇ ਕੇ ਇਸ ਦਾ ਹੋਰ ਵਿਸਥਾਰ ਕੀਤਾ ਹੈ। ਸੰਜੋਗ-ਵਸ ਇਹ ਕੀਰਤਨਕਾਰ ਭਾਰਤ ਦੀ ਸ਼ਾਸਤਰੀ ਗਾਇਕੀ ਅਤੇ ਸੁਗਮ ਸੰਗੀਤ ਦਾ ਵੀ ਵਿਸ਼ਾਲ ਗਿਆਨ ਅਤੇ ਅਨੁਭਵ ਰੱਖਦਾ ਹੈ। ਅਕਾਲ ਪੁਰਖ ਨੇ ਉਸ ਨੂੰ ਇਕ ਮਧੁਰ ਕੰਠ ਅਤੇ ਸੁਰੀਲੀ ਆਵਾਜ਼ ਦੀ ਦਾਤ ਬਖ਼ਸ਼ੀ ਹੈ। ਇਸ ਤੋਂ ਬਿਨ੍ਹਾਂ ਇਕ ਸੁਚੀ ਲਗਭ ਅਤੇ ਪ੍ਰੇਮ ਦੀ ਦਾਤ ਵੀ ਜਿਸ ਤੋਂ ਬਿਨਾਂ ਸੰਗੀਤ ਕਲਾ ਵਿੱਚ ਪ੍ਰਵੀਨਤਾ ਪ੍ਰਾਪਤ ਕਰ ਸਕਣੀ ਅਤੇ ਕਠਿਨ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:

"ਜਿਨ ਕਉ ਨਦਰਿ ਕਰਮ ਤਿਨਕਾਰ॥
ਨਾਨਕ ਨਦਰੀ ਨਦਰਿ ਨਿਹਾਲ॥ ਜਪ 38॥"

## 2. ਸੰਗੀਤ ਦਾ ਪਿਤਰੀ ਵਿਰਸਾ

ਭਾਈ ਦੇਵਿੰਦਰ ਸਿੰਘ ਦਾ ਜਨਮ ਅਣਵੰਡੇ ਭਾਰਤ ਦੇ ਜ਼ਿਲ੍ਹਾ ਗੁਰਦਾਸਪੁਰ ਦੀ ਸ਼ਕਰਗੜ੍ਹ ਤਹਿਸੀਲ (ਜੋ ਅੱਜ ਕੱਲ ਪਾਕਿਸਤਾਨ ਦਾ ਇੱਕ ਭਾਗ) ਦੇ ਇੱਕ ਪਿੰਡ ਦੌਲਤ ਚੱਕ ਵਿਖੇ 10 ਦਸੰਬਰ, 1929 ਨੂੰ ਹੋਇਆ। ਇਸ ਪਿੰਡ ਨੂੰ ਨੈਨਾਕੋਟ ਡਾਕਖਾਨਾ ਲੱਗਦਾ ਸੀ। ਆਪ ਜੀ ਦੇ ਪਿਤਾ ਭਾਈ ਮਹਿਤਾਬ ਸਿੰਘ ਜੀ ਆਪਣੇ ਸਮੇਂ ਦੇ ਪ੍ਰਸਿੱਧ ਰਾਗੀ ਰਹਿ ਚੁੱਕੇ ਹਨ। ਇਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਹੋਣ ਤੋਂ ਬਿਨ੍ਹਾਂ ਗੁਰੂ ਘਰ ਦੀ ਇਹ ਸੇਵਾ ਸ੍ਰੀ ਪੰਜਾ ਸਾਹਿਬ ਤੇ ਹੋਰ ਸਥਾਨਾਂ ਤੇ ਵੀ ਨਿਭਾਈ ਹੈ। ਪਿੱਛੋਂ ਆਪ ਕਾਫੀ ਸਮਾਂ ਕਲਕੱਤਾ ਵਿਖੇ ਗੁਰਦੁਆਰਾ ਬੜੀ ਸੰਗਤੋ ਵਿੱਚ ਵੀ ਗੁਰੂ ਕੀਰਤਨ ਦੀ ਸੇਵਾ ਕਰਦੇ ਰਹੇ ਹਨ। ਆਪ ਉੱਤੇ ਸਮੇਂ ਦੇ ਉਚਕੋਟੀ ਦੇ ਕੀਰਤਨਾਕਾਰਾਂ ਤੇ ਰਾਗੀਆਂ, ਵਿਸ਼ੇਸ਼ ਕਰਕੇ ਭਾਈ ਚਾਂਦ ਅਤੇ ਭਾਈ ਲਾਲ ਦਾ ਬਹੁਤ ਪ੍ਰਭਾਵ ਸੀ। ਇਨ੍ਹਾਂ ਦਾ ਅੰਸ਼ ਵੀ ਇਨ੍ਹਾਂ ਦੀ ਗਾਇਕੀ ਵਿੱਚ ਮੌਜੂਦ ਸੀ। ਭਾਈ ਦੇਵਿੰਦਰ ਸਿੰਘ ਦੇ ਮਾਤਾ ਜੀ ਸੰਗੀਤ ਪ੍ਰੇਮੀ ਸਨ। ਉਹ ਪ੍ਰਸਿੱਧ ਸਿੱਖ ਵਿਦਵਾਨ, ਸਾਹਿਤਕਾਰ ਅਤੇ ਕਵੀ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਦੀ ਸਪੁੱਤਰੀ ਸਨ, ਜੋ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਦੇ ਤੌਰ ਤੇ ਵੀ ਕੰਮ ਕਰਦੇ ਰਹੇ ਹਨ ਅਤੇ ਕਈ ਸਾਲ ਸ੍ਰੀ ਮੰਜੀ ਸਾਹਿਬ ਵਿਖੇ ਸ਼ਾਮ ਨੂੰ ਕਥਾ ਵੀ ਕਰਦੇ ਰਹੇ ਹਨ। ਆਪ ਜੀ ਦਾ ਸਿੱਖ ਸਭਿਆਚਾਰ ਦੇ ਨਵ-ਨਿਰਮਾਣ ਵਿੱਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਹੈ। ਸਿੱਖ ਇਤਿਹਾਸ ਸੰਬੰਧੀ ਦਰਜਨਾਂ ਕਾਵਿ ਪੁਸਤਕਾਂ ਨੂੰ ਸਰਲ ਪੰਜਾਬੀ ਕਵਿਤਾ ਵਿੱਚ ਰਚ ਕੇ ਉਨ੍ਹਾਂ ਨੇ ਸਮੁੱਚੇ ਸਿੱਖ ਸਮਾਜ ਨੂੰ ਮੱਧ ਕਾਲ ਦੇ ਸ਼ਿੰਗਾਰਰਸੀ ਕਿੱਸਿਆਂ ਵਲੋਂ ਹਟਾ ਕੇ ਸਿੱਖ ਇਤਿਹਾਸ ਅਤੇ ਗੁਰੂ ਘਰ ਨਾਲ ਜੋੜਿਆ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭਾਈ ਦੇਵਿੰਦਰ ਸਿੰਘ ਜੀ ਨੂੰ ਗੁਰਮਤਿ ਦਾ ਪ੍ਰੇਮ ਅਤੇ ਗੁਰੂ ਕੀਰਤਨ ਦੀ ਦਾਤ ਵਿਰਸੇ ਵਿੱਚ ਹੀ ਮਿਲੀ ਹੈ।

ਜਿਸ ਘਰ ਵਿੱਚ ਗੁਰਬਾਣੀ ਦਾ ਗਾਇਨ ਅਤੇ ਕੀਰਤਨ ਨਾਲ ਪ੍ਰੇਮ ਦੇ ਰੂਪ ਵਿੱਚ ਸੰਗੀਤ ਦਾ ਪ੍ਰਵਾਹ ਚਲ ਰਿਹਾ ਹੋਵੇ, ਉਸ ਤੋਂ ਉਸ ਘਰ ਦੀ ਸੰਤਾਨ ਕਿਵੇਂ ਵਿਰਵੀ ਰਹਿ ਸਕਦੀ ਹੈ ? ਇਹੋ ਕਾਰਣ ਹੈ ਕਿ ਭਾਈ ਦੇਵਿੰਦਰ ਸਿੰਘ ਤੇ ਉਨ੍ਹਾਂ ਦੇ ਹੋਰ ਭਾਈ ਸਾਰੇ ਹੀ ਇਸ ਦਾਤ ਤੋਂ ਵਿਰੋਸਾਏ ਹੋਏ ਹਨ। ਆਪ ਜੀ ਦੇ ਛੋਟੇ ਭਾਈ 'ਭਾਈ ਓਂਕਾਰ ਸਿੰਘ ਵੀ ਚੰਗੇ ਕੀਰਤਨਕਾਰ ਹਨ।'

ਭਾਈ ਮਹਿਤਾਬ ਸਿੰਘ ਜੀ ਦੇ ਦੇਵਿੰਦਰ ਸਿੰਘ ਵੱਡੇ ਪੁੱਤਰ ਸਨ। ਇਸ ਲਈ ਕੁਦਰਤੀ ਸੀ ਕਿ ਭਾਈ ਦੇਵਿੰਦਰ ਸਿੰਘ ਉਨ੍ਹਾਂ ਦੀ ਇਸ ਪੂੰਜੀ ਨੂੰ ਵਧੇਰੇ ਉਦਾਰਤਾ ਨਾਲ ਗ੍ਰਹਿਣ ਕਰਦੇ। ਜਦੋਂ ਦੇਵਿੰਦਰ ਸਿੰਘ ਥੋੜ੍ਹੀ ਵੱਡੀ ਉਮਰ ਦੇ ਹੋਏ ਤਾਂ ਉਨ੍ਹਾਂ ਦੇ ਪਿਤਾ ਜੀ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਦੇ ਇਤਿਹਾਸਕ ਗੁਰੂ ਧਾਮ ਵਿੱਚ ਕੀਰਤਨ ਦੀ ਸੇਵਾ ਕਰਦੇ ਸਨ। ਇਸ ਬਾਰੇ ਇਲਾਕੇ ਵਿੱਚ ਇਹ ਬੜਾ ਰਮਣੀਕ ਸਥਾਨ ਹੈ ਅਤੇ ਆਲੇ ਦੁਆਲੇ ਦੀ ਸੰਗਤ ਉਸ ਸਮੇਂ ਹੁੰਮ-ਹੁਮਾ ਕੇ ਇੱਥੇ ਪੁਜਦੀ ਸੀ। ਦੇਵਿੰਦਰ ਸਿੰਘ ਦੀ ਮੁਢਲੀ ਸਿੱਖਿਆ ਸਰ ਸਿੰਕਦਰ-ਹਯਾਤ ਖਾਂ ਮਿਡਲ ਸਕੂਲ ਹਸਨ ਅਬਦਾਲ ਵਿੱਚ ਹੀ ਹੋਈ। ਪਿਛੋਂ ਜਦੋਂ ਆਪ ਜੀ ਦੇ ਪਿਤਾ ਜੀ ਅੰਮ੍ਰਿਤਸਰ ਵਿਖੇ ਨਿਵਾਸ ਰੱਖਣ ਲੱਗ ਪਏ ਤਾਂ ਆਪ ਗੁਰੂ ਰਾਮਦਾਸ ਹਾਈ ਸਕੂਲ ਵਿੱਚ ਦਾਖਲ ਹੋਏ। ਇੱਥੋਂ ਹੀ ਆਪ ਨੇ ਮੈਟ੍ਰਿਕ ਪਾਸ ਕੀਤੀ ਅਤੇ ਪਿਛੋਂ 1951-52 ਵਿੱਚ ਪੰਜਾਬ ਯੂਨੀਵਰਸਿਟੀ ਦੀ ਗਿਆਨੀ ਪ੍ਰੀਖਿਆ ਪਾਸ ਕਰ ਲਈ। ਪਿਛੋਂ ਪ੍ਰਾਈਵੇਟ ਵਿਦਿਆਰਥੀ ਦੇ ਤੌਰ ਤੇ ਬੀ.ਏ. ਪਾਸ ਕਰ ਲਈ 1947 ਦੀ ਦੇਸ਼ ਵੰਡ ਸਮੇਂ ਇਸ ਪਰਿਵਾਰ ਨੂੰ ਵੀ ਉਜਾੜੇ ਦੀ ਮਾਰ

ਸਹਿਣੀ ਪਈ ਅਤੇ ਪਿਛੋਂ ਆ ਕੇ ਆਪ ਗੁਰਦਾਸਪੁਰ ਦੇ ਨੇੜੇ ਹੀ ਨਬੀਪੁਰ ਪਿੰਡ ਵਿੱਚ ਰਹਿਣ ਲੱਗ ਪਏ। ਹੁਣ ਵੀ ਭਾਈ ਦੇਵਿੰਦਰ ਸਿੰਘ ਤੇ ਭਾਈ ਮਹਿਤਾਬ ਸਿੰਘ ਦਾ ਪਰਿਵਾਰ ਇਸੇ ਪਿੰਡ ਦਾ ਹੀ ਪੱਕਾ ਨਿਵਾਸੀ ਹੈ। ਇਹ ਪਿੰਡ ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਨੂੰ ਜਾਣ ਵਾਲੀ ਸੜਕ ਉਤੇ ਗੁਰਦਾਸਪੁਰ ਤੋਂ ਕੇਵਲ ਦੋ ਕਿਲੋਮੀਟਰ ਦੀ ਦੂਰ ਤੇ ਸਥਿਤ ਹੈ। ਕਹਿਣਾ ਇੰਝ ਚਾਹੀਦਾ ਹੈ ਕਿ ਇਹ ਗੁਰਦਾਸਪੁਰ ਦਾ ਹੀ ਇੱਕ ਭਾਗ ਹੈ। ਭਾਈ ਮਹਿਤਾਬ ਸਿੰਘ ਜ਼ਰੂਰ ਹੀ ਸੰਵਦਨਸ਼ੀਲ ਅਤੇ ਕਲਾਤਮਕ ਪ੍ਰਵਿਰਤੀ ਰੱਖਣ ਵਾਲੇ ਵਿਅਕਤੀ ਹੋਣਗੇ, ਨਹੀਂ ਤਾਂ ਪੰਜਾਬ ਦੀ ਜਟ ਪਰਿਵਾਰਾਂ ਵਿੱਚ ਸੰਗੀਤ ਵਰਗੀ ਸੂਖਮ ਤੇ ਲਲਿਤ ਕਲਾ ਟਾਵੀਂ ਟਾਂਵੀਂ ਹੀ ਦਿਖਾਈ ਦੇਂਦੀ ਰਹੀ ਹੈ।

ਭਾਈ ਮਹਿਤਾਬ ਸਿੰਘ ਬਚਪਨ ਵਿੱਚ ਹੀ ਆਪਣੇ ਸਪੁੱਤਰ ਭਾਈ ਦੇਵਿੰਦਰ ਸਿੰਘ ਨੂੰ ਗੁਰੂ ਕੀਰਤਨ ਦੀ ਸਿੱਖਿਆ ਦੇਂਦੇ ਰਹੇ ਹਨ ਅਤੇ ਕਈ ਥਾਵਾਂ ਤੇ ਜਦੋਂ ਉਹ ਬਾਹਰ ਕੀਰਤਨ ਕਰਨ ਜਾਂਦੇ ਹਨ ਤਾਂ ਉਨ੍ਹਾਂ ਨੂੰ ਨਾਲ ਬਿਠਾ ਲੈਂਦੇ ਸਨ। ਇਸ ਲਈ ਕੁਦਰਤੀ ਸੀ ਕਿ ਭਾਈ ਦੇਵਿੰਦਰ ਸਿੰਘ ਆਪਣੇ ਪਿਤਾ ਜੀ ਦੀ ਗਾਇਕੀ ਦੇ ਵਡਮੁੱਲੇ ਅੰਸ਼ ਅਚੇਤ ਹੀ ਆਪਣੇ ਮਨ ਵਿੱਚ ਸਮਾਂ ਲੈਂਦੇ। ਉਨ੍ਹਾਂ ਦੀ ਆਵਾਜ਼ ਤੇ ਗਾਇਕੀ ਦੋਹਾਂ ਨੇ ਹੀ ਦੇਵਿੰਦਰ ਸਿੰਘ ਦੇ ਕੀਰਤਨ ਕਰਨ ਦੀ ਮੁਢਲੀ ਸ਼ੈਲੀ ਨੂੰ ਨਿਰਧਾਰਤ ਕੀਤਾ ਹੈ। ਜਦੋਂ ਉਨ੍ਹਾਂ ਦੇ ਪਿਤਾ ਜੀ ਅੰਮ੍ਰਿਤਸਰ ਛੱਡ ਕੇ ਕਲਕੱਤੇ ਚਲੇ ਗਏ ਤਾਂ ਆਪ ਕਈ ਵਾਰ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਥਾਵਾਂ ਤੇ ਕੀਰਤਨ ਕਰਦੇ ਰਹੇ ਹਨ। ਆਪ ਜੀ ਦਾ ਵਿਆਹ ਕਾਲਾ ਅਫ਼ਗਾਨਾ ਵਿਖੇ ਬੀਬੀ ਗੁਰਸ਼ਰਨ ਕੌਰ ਨਾਲ ਹੋਇਆ, ਜੋ ਇੱਕ ਬੜੀ ਹੀ ਸੁਸ਼ੀਲ ਇਸਤਰੀ ਹੈ।

## 3. ਸ਼ਾਸਤਰੀ ਸੰਗੀਤ ਨਾਲ ਪ੍ਰੇਮ

ਭਾਵੇਂ ਗੁਰਬਾਣੀ ਦੇ ਸਾਰੇ ਪ੍ਰਮੁੱਖ ਕੀਰਤਨਕਾਰ ਅਤੇ ਰਾਗੀ ਸ਼ਾਸਤਰੀ ਰਾਗਾਂ ਵਿੱਚ ਅਤੇ ਗੁਰਮੀਤ ਸੰਗੀਤ ਦੀ ਸਥਾਪਿਤ ਰੀਤ ਅਨੁਸਾਰ ਕੀਰਤਨ ਕਰਦੇ ਹੁੰਦੇ ਸਨ, ਪਰ ਸਮਾਂ ਪਾ ਕੇ ਕੀਰਤਨ ਦੀ ਕਲਾ ਵਿੱਚ ਕੁਝ ਪਰਿਵਰਤਨ ਵੀ ਹੁੰਦੇ ਰਹੇ ਹਨ। ਇੱਕ ਸਭ ਤੋਂ ਵਡਾ ਪਰਿਵਰਤਨ ਤਾਂ ਰਾਗੀ ਸਿੰਘਾਂ ਦਾ ਤਾਰਦਾਰ ਸਾਜ਼ਾਂ ਦਾ ਤਿਆਗ ਕਰਕੇ ਹਰਮੋਨੀਅਮ ਦੀ ਵਰਤੋਂ ਨੂੰ ਆਪਣਾ ਲੈਣਾ ਸੀ ਅਤੇ ਦੂਜਾ ਸ਼ਾਸਤਰੀ ਰਾਗਾਂ ਨੂੰ ਛੱਡ ਕੇ ਦੇਸੀ ਧੁਨਾਂ ਉੱਤੇ ਕੀਰਤਨ ਕਰਨ ਲਗ ਪੈਣਾ। ਭਾਵੇਂ ਕੁਝ ਪ੍ਰਮੁੱਖ ਰਾਗੀਆਂ ਅਤੇ ਕੀਰਤਨਕਾਰਾਂ ਨੇ ਗੁਰਬਾਣੀ ਦੀ ਗਾਇਕੀ ਅਤੇ ਗੁਰਮਤਿ ਸੰਗੀਤ ਦੀ ਸ਼ੁੱਧ ਮਰਿਯਾਦਾ ਨੂੰ ਵੀ ਕਾਇਮ ਰੱਖਿਆ ਹੈ, ਪਰ ਫਿਰ ਵੀ ਬੁਹਤਿਆਂ ਨੇ ਸੌਖਾ ਰਾਹ ਹੀ ਅਪਣਾਇਆ ਹੈ ਅਤੇ ਇਥੋਂ ਤੱਕ ਕਿ ਉਹ ਫ਼ਿਲਮ ਸੰਗੀਤ ਤੋਂ ਵੀ ਪ੍ਰਭਾਵਤ ਹੋਏ ਹਨ। ਦੇਵਿੰਦਰ ਸਿੰਘ ਨੇ ਆਪਣੇ ਬਚਪਨ ਵਿੱਚ ਹੋਰ ਚੰਗੇ ਰਾਗੀਆਂ ਅਤੇ ਆਪਣੇ ਪਿਤਾ ਜੀ ਤੋਂ ਕੀਰਤਨ ਦੀ ਸ੍ਰੇਸ਼ਟ ਮਰਿਆਦਾ ਨੂੰ ਅਪਣਾਇਆ, ਪਰ ਇਸ ਕਿੱਤੇ ਨੂੰ ਆਪਣੀ ਉਪਜੀਵਕਾ ਦਾ ਆਧਾਰ ਨਹੀਂ ਸੀ ਬਣਾਇਆ।

ਉਸ ਨੂੰ ਗਾਉਣ ਦਾ ਸ਼ੌਕ ਸੀ ਅਤ ਉਹ ਗੁਰਬਾਣੀ ਦੇ ਸ਼ਬਦਾਂ ਦੇ ਨਾਲ-ਨਾਲ ਗ਼ਜ਼ਲ ਅਤੇ ਹੋਰ ਸੁਗਮ ਗਾਇਕੀ ਵਲ ਵੀ ਪ੍ਰੇਰਿਤ ਹੋਇਆ। ਆਕਾਸ਼ਵਾਣੀ ਦੇ ਕੇਂਦਰਾਂ ਦੇ ਵਿਸਥਾਰ ਨਾਲ ਅਤੇ ਸਭਿਆਚਾਰਕ ਪ੍ਰੋਗਰਾਮਾਂ ਦੀ ਮੰਗ ਕਾਰਣ ਹੁਣ ਬਹੁਤ ਸਾਰੇ ਸੰਗੀਤਕਾਰ ਇਸ ਬੰਨੇ ਪ੍ਰਭਾਵਤ ਹੋ ਚੁੱਕੇ ਸਨ। ਦੇਵਿੰਦਰ ਸਿੰਘ ਵੀ ਇਸ ਪ੍ਰਭਾਵ ਤੋਂ ਮੁਕਤ ਨਹੀਂ ਸੀ ਰਹਿ ਸਕਿਆ। ਸੰਜੋਗਵਸ ਉਨ੍ਹਾਂ ਦਿਨਾਂ ਵਿੱਚ ਗੁਰਦਾਸਪੁਰ ਵਿਖੇ ਇੱਕ ਚੰਗੇ ਸ਼ਾਸਰਤੀ ਸੰਗੀਤ ਦੇ ਪ੍ਰਬੀਨ ਜਾਣਕਾਰ ਰਹਿੰਦੇ ਸਨ, ਜੋ ਪਿੱਛੋਂ ਪਾਕਿਸਤਾਨ ਤੋਂ ਹੀ ਆਏ ਸਨ। ਇਹ ਵਿਅਕਤੀ ਸਨ ਮਾਸਟਰ ਜਗਦੀਸ਼ ਰਾਜ ਕੋਹਲੀ ਜੋ ਕਿੱਤਾ ਤਾਂ ਲਾਂਡਰੀ ਦਾ ਕਰਦੇ ਸਨ, ਪਰ ਨਾਲ ਹੀ ਸੰਗੀਤ ਦੇ ਸਾਜ਼ ਵੀ ਦੁਕਾਨ ਉੱਤੇ ਰੱਖ ਕੇ ਵੇਚਦੇ ਹੁੰਦੇ ਸਨ। ਇਹ ਉਨ੍ਹਾਂ ਦੀ ਉਪਜੀਵਿਕਾ ਦਾ ਸਾਧਨ ਸੀ। ਉਨ੍ਹਾਂ ਨੇ ਆਪਣੇ ਜੀਵਨ ਦਾ ਆਰੰਭਕ ਭਾਗ ਲਾਹੌਰ ਵਿਖੇ ਗੁਜਾਰਿਆ ਸੀ ਅਤੇ ਉੱਥੇ ਹੀ ਪੰਡਿਤ ਵਿਸ਼ਨੂ ਦਿਗੰਬਰ ਜੀ ਦੇ ਸੰਗੀਤ ਵਿਦਿਆਲੇ ਤੋਂ ਸ਼ਾਸਤਰੀ ਸੰਗੀਤ ਦੀ ਲਗਨ ਲਗੀ। ਫਿਰ ਉਹ ਮਾਸਟਰ ਰਾਮ ਪ੍ਰਕਾਸ਼ ਜੀ ਤੋਂ ਸ਼ਾਸਤਰੀ ਸੰਗੀਤ ਦੀ ਸਿਖਿਆ ਲੈਂਦੇ ਰਹੇ। ਜੋ ਨੇਤਰਹੀਣ ਸਨ, ਪਰ ਇੱਕ ਚੰਗੇ ਸੁਲਝੇ ਹੋਏ ਗਾਇਕ ਸਨ। ਪਿਛੋਂ ਇਹ ਮੋਗਾ ਵਿਖੇ ਨਿਵਾਸ ਰੱਖਦੇ ਰਹੇ ਹਨ।

ਮਾਸਟਰ ਜਗਦੀਸ ਰਾਜ ਕੋਹਲੀ ਦੀ ਆਵਾਜ਼ ਬੜੀ ਮਧੁਰ ਸੀ ਅਤੇ ਸ਼ਾਸਤਰੀ ਸੰਗੀਤ ਵਿੱਚ ਉਨ੍ਹਾਂ ਨੂੰ ਬੜੀ ਪ੍ਰਬੀਨਤਾ ਪ੍ਰਾਪਤ ਸੀ। ਉਹ ਸ਼ਾਸਤਰੀ ਸੰਗੀਤ ਦੇ ਬਹੁਤ ਸੁਲਝੇ ਹੋਏ ਅਧਿਆਪਕ ਅਤੇ ਗਿਆਤਾ ਸਨ। ਉਨ੍ਹਾਂ ਨੇ ਇਸ ਇਲਾਕੇ ਵਿੱਚ ਸ਼ਾਸਤਰੀ ਸੰਗੀਤ ਦਾ ਬੜਾ ਹੀ ਪ੍ਰਚਾਰ ਕੀਤਾ ਹੈ। ਭਾਵੇਂ ਉਹ ਆਪ ਸਟੇਜ ਉੱਤੇ ਨਹੀਂ ਸੀ ਗਾਉਂਦੇ, ਪਰ ਉਹ ਆਪਣੇ ਸ਼ਾਗਿਰਦਾਂ ਨੂੰ ਸ਼ਾਸਤਰੀ ਸੰਗੀਤ ਦੀ ਸਿੱਖਿਆ ਦੇ ਕੇ ਇਨ੍ਹਾਂ ਮਹਿਫਲਾਂ ਵਿੱਚ ਲਿਜਾਂਦੇ ਸਨ ਅਤੇ ਉਨ੍ਹਾਂ ਸੰਗੀਤ ਪ੍ਰਦਰਸ਼ਨ ਕਰਨ ਲਈ ਉਤਸ਼ਾਹਤ ਕਰਦੇ ਸਨ। ਇਨ੍ਹਾਂ ਦੇ ਯਤਨਾਂ ਸਦਕਾ ਹੀ ਪਿਛੋਂ ਗੁਰਦਾਸਪੁਰ ਵਿਖੇ ਸ੍ਰੀਮਤੀ ਉਰਮਲਾ ਕੌਸ਼ਲ ਦੀ ਸਰਪ੍ਰਸਤੀ ਵਿੱਚ ਸੰਗੀਤ ਕਲਾ ਕੇਂਦਰ ਸਥਾਪਤ ਹੋਇਆ, ਜੋ ਅੱਜ ਬਹੁਤ ਵੱਡੀ ਸੰਸਥਾ ਹੈ। ਇੱਥੇ ਹੀ ਮਾਸਟਰ ਜਗਦੀਸ ਰਾਜ ਜੀ ਕੋਹਲੀ ਅਧਿਆਪਨ ਦਾ ਕਾਰਜ ਕਰਦੇ ਰਹੇ ਹਨ।

ਭਾਈ ਦੇਵਿੰਦਰ ਸਿੰਘ ਮਾਸਟਰ ਜਗਦੀਸ਼ ਰਾਜ ਜੀ ਦਾ ਸ਼ਿਸ਼ ਬਣ ਗਿਆ ਅਤੇ ਉਨ੍ਹਾਂ ਕੋਲੋਂ ਹੀ ਦੇਵਿੰਦਰ ਸਿੰਘ ਨੇ ਵਿਧੀਗਤ ਰੂਪ ਵਿੱਚ ਸ਼ਾਸਤਰੀ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ ਹੈ। ਮਾਸਟਰ ਜਗਦੀਸ ਰਾਜ ਜੀ ਭਾਵੇਂ ਆਪ ਅਕਾਸ਼ਵਾਣੀ, ਦੂਰਦਰਸ਼ਨ ਅਤੇ ਮੰਚਾਂ ਉੱਤੇ ਨਹੀਂ ਗਾ ਸਕੇ, ਪਰ ਉਨ੍ਹਾਂ ਦੀ ਗਾਇਕੀ ਦਾ ਪ੍ਰਦਰਸ਼ਨ ਭਾਈ ਦੇਵਿੰਦਰ ਸਿੰਘ ਦੇ ਰੂਪ ਵਿੱਚ ਇਨ੍ਹਾਂ

ਸੰਸਥਾਵਾਂ ਅਤੇ ਮੰਚਾਂ ਦੁਆਰਾ ਜ਼ਰੂਰ ਹੋਇਆ ਹੈ। ਮਾਸਟਰ ਜਗਦੀਸ ਰਾਜ ਦੀ ਦੇਖ ਰੇਖ ਵਿੱਚ ਹੀ ਭਾਈ ਦੇਵਿੰਦਰ ਸਿੰਘ ਦਾ ਸਵਰ-ਗਿਆਨ ਅਤੇ ਸ਼ਾਸਤਰੀ ਗਾਇਕੀ ਸ਼ੁੱਧ ਰੂਪ ਵਿੱਚ ਵਿਕਸਤ ਹੋਈ ਅਤੇ ਪ੍ਰਵਾਨ ਚੜ੍ਹੀ ਹੈ। ਉਨ੍ਹਾਂ ਨੇ ਹੀ ਭਾਈ ਦੇਵਿੰਦਰ ਸਿੰਘ ਨੂੰ ਖਿਆਲ, ਠੁਮਰੀ, ਦਾਦਰਾ, ਕਜਰੀ ਅਤੇ ਹੋਰ ਉਪਸ਼ਾਸਤਰੀ ਸੁਗਮ ਗਾਇਕੀ ਵਿੱਚ ਪ੍ਰਬੀਨ ਕੀਤਾ ਹੈ। ਇਸੇ ਪ੍ਰਭਾਵ ਥਲੇ ਹੀ ਦੇਵਿੰਦਰ ਸਿੰਘ ਨੇ ਪਹਿਲਾਂ ਅਕਾਸ਼ਵਾਣੀ ਜੰਮੂ ਅਤੇ ਫਿਰ ਜਲੰਧਰ ਤੋਂ ਸ਼ਾਸਤਰੀ ਗਾਇਕੀ ਅਤੇ ਸੁਗਮ ਗਾਇਕੀ ਦੇ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ ਸਨ ਅਤੇ 1962 ਵਿੱਚ ਪ੍ਰਯੋਗ ਸੰਗੀਤ ਸੰਮਤੀ ਇਲਾਹਾਬਾਦ ਤੋਂ ਸੰਗੀਤ ਪ੍ਰਬੀਨ ਐਮ.ਮਿਊਜ਼ ਦੀ ਡਿਗਰੀ ਵੀ ਪ੍ਰਾਪਤ ਕਰ ਲਈ ਸੀ। ਇਸ ਨਾਲ ਭਾਈ ਦੇਵਿੰਦਰ ਸਿੰਘ ਦੀ ਸਮੁੱਚੀ ਗਾਇਨ ਕਲਾ ਅਤੇ ਸ਼ੈਲੀ ਵਿੱਚ ਬੜਾ ਹੀ ਨਿਖ਼ਾਰ ਆਇਆ ਅਤੇ ਸਹਿਜੇ ਸਹਿਜੇ ਉਹ ਇੱਕ ਵਿਸ਼ੇਸ਼ ਵਿਅਕਤੀਗਤ ਗਾਇਨ ਸ਼ੈਲੀ ਨੂੰ ਵਿਕਸਤ ਕਰਨ ਵਿੱਚ ਸਫ਼ਲ ਹੋਇਆ ਹੈ। ਇਸ ਸਮੇਂ ਹੀ ਕੁਝ ਚਿਰ ਉਸ ਨੇ ਪੰਜਾਬ ਦਾ ਸੁਪ੍ਰਸਿਧ ਸ਼ਾਸਤਰੀ ਗਾਇਕ ਸਰਦਾਰ ਸੋਹਣ ਸਿੰਘ ਤੋਂ ਵੀ ਸਿਖਿਆ ਗ੍ਰਹਿਣ ਕੀਤੀ ਹੈ।

## 4. ਅਕਾਸ਼ਵਾਣੀ ਕੇਂਦਰਾਂ ਵਿੱਚ ਸੰਗੀਤ ਨਿਰਦੇਸ਼ਕ

ਡਾ. ਕੇਸਕਰ ਲੰਮੇ ਸਮੇਂ ਤੱਕ ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰ ਵਿਭਾਗ ਦੇ ਮੰਤਰੀ ਰਹੇ ਹਨ। ਉਹ ਭਾਈ ਦੇਵਿੰਦਰ ਸਿੰਘ ਦੀ ਗਾਇਕੀ ਤੋਂ ਵੀ ਪ੍ਰਭਾਵਿਤ ਸਨ। ਫਲਸਰੂਪ ਦੇਵਿੰਦਰ ਸਿੰਘ ਨੂੰ ਅਕਾਸ਼ਵਾਣੀ ਦੇ ਜੰਮੂ ਕੇਂਦਰ ਉੱਤੇ ਸੰਗੀਤ ਨਿਰਦੇਸ਼ਕ ਵਜੋਂ ਨਿਯੁਕਤ ਕੀਤਾ ਗਿਆ। ਕੁਝ ਸਮੇਂ ਆਪ ਜਲੰਧਰ ਅਤੇ ਦਿਲੀ ਕੇਂਦਰਾਂ ਉੱਤੇ ਵੀ ਕੰਮ ਕਰਦੇ ਰਹੇ ਹਨ। ਇਸ ਸਮੇਂ ਉਨ੍ਹਾਂ ਨੂੰ ਸੰਗੀਤ ਰਿਚੈਤਾ ਦੇ ਕਾਰਜ ਨੂੰ ਵੀ ਨਿਭਾਉਣਾ ਪਿਆ ਹੈ ਅਤੇ ਹੋਰ ਪ੍ਰਮੁੱਖ ਸੰਗੀਤ ਕਲਾਕਾਰਾਂ ਨੂੰ ਸੁਣਨ ਅਤੇ ਉਨ੍ਹਾਂ ਦੇ ਸਹਿਕਾਰੀ ਵਜੋਂ ਕੰਮ ਕਰਨ ਦਾ ਅਵਸਰ ਪ੍ਰਾਪਤ ਹੋਇਆ ਹੈ। ਇਸ ਨਾਲ ਦੇਵਿੰਦਰ ਸਿੰਘ ਦੀ ਸੂਝ ਬੜੀ ਪ੍ਰਪੱਕ ਅਤੇ ਬਾਰੀਕ ਹੋਈ ਹੈ। ਇਥੋਂ ਤੱਕ ਕਿ ਉਸ ਨੂੰ ਸੰਗੀਤ ਦੇ ਰਾਸ਼ਟਰੀ ਪ੍ਰੋਗਰਾਮ ਵਿੱਚ ਆਪਣੀ ਕਲਾ ਦੇ ਪ੍ਰਦਰਸ਼ਨ ਦਾ ਮੌਕਾ ਮਿਲਿਆ ਹੈ। ਇਸੇ ਦੌਰਾਨ ਦੇਵਿੰਦਰ ਸਿੰਘ ਨੇ ਸੈਂਕੜੇ ਰਚਨਾਵਾਂ ਦੀਆਂ ਸੰਗੀਤਕ ਬੰਦਸ਼ਾਂ ਰਚੀਆਂ ਅਤੇ ਪ੍ਰਮੁੱਖ ਕਲਾਕਾਰਾਂ ਕੋਲੋਂ ਵਿਅਕਤੀਗਤ ਅਤੇ ਸਮੂਹਗਾਣ ਦੇ ਰੂਪ ਵਿੱਚ ਗਵਾਈਆਂ ਹਨ ਅਤੇ ਉਨ੍ਹਾਂ ਦੀ ਸੰਗੀਤ ਰਚਨਾ ਵੀ ਕੀਤੀ ਹੈ। ਜਲੰਧਰ ਕੇਂਦਰ ਤੋਂ ਉਨ੍ਹਾਂ ਦੀਆਂ ਕੁਝ ਸੰਗੀਤਕ ਰਚਨਾਵਾਂ ਜਿਵੇਂ, ਆਦੇਸ ਤਿਸੈ ਆਦੇਸ, ਮਿਟਿਆ ਹਨੇਰਾ ਚੰਨ ਚੜ੍ਹਿਆ, ਦੇਹ ਸਿਵਾ ਬਰ ਮੋਹਿ ਇਹਿ, ਸੂਰਾ ਸੋ ਪਹਿਚਾਨੀਐ, ਅਤੇ ਆਰਤੀ ਆਦਿ ਸ਼ਬਦ ਬੜੇ ਹਰਮਨ ਪਿਆਰੇ ਹੋਏ। ਇਸੇ ਤਰ੍ਹਾਂ ਉਨ੍ਹਾਂ ਦੀ ਗਾਈ ਹੋਈ ਪ੍ਰਸਿੱਧ ਪੰਜਾਬੀ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਦੀ ਸੁਪ੍ਰਸਿੱਧ ਰਚਨਾ, "ਐ ਪੰਜਾਬ ਕਰਾਂ ਕੀ ਸਿਫ਼ਤ ਤੇਰੀ" ਬਹੁਤ ਹੀ ਸਲਾਹੀ ਗਈ ਹੈ। ਦੇਵਿੰਦਰ ਸਿੰਘ ਇੱਕ ਮੌਲਿਕ ਸੰਗੀਤ ਰਿਚੈਤਾ ਹੈ ਅਤੇ ਉਹ ਕਿਸੇ ਵੀ ਗੀਤ, ਕਾਫ਼ੀ, ਗ਼ਜ਼ਲ ਨੂੰ ਬੜੀ ਛੇਤੀ ਅਤੇ ਕਈ ਰੂਪਾਂ ਵਿੱਚ ਸੰਗੀਤ ਰਚਨਾ ਦੇ ਰੂਪ ਵਿੱਚ ਸਵਰਬਧ ਕਰ ਸਕਦਾ ਹੈ।

ਰੇਡੀਓ ਦੇ ਸੇਵਾਕਾਲ ਵਿੱਚ ਹੀ ਉਸ ਨੂੰ ਕਈ ਪ੍ਰਮੁੱਖ ਸੰਗੀਤ ਕਲਾਕਾਰਾਂ ਅਤੇ ਗਾਇਕਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ, ਜਿਨ੍ਹਾਂ ਵਿੱਚੋਂ ਕੁਝ ਇੱਕ ਪ੍ਰਮੁੱਖ ਵਿਅਕਤੀ ਸਰਵਸ੍ਰੀ ਉਸਤਾਦ ਵਿਲਾਇਤ ਖਾਂ, ਸ. ਸੋਹਣ ਸਿੰਘ, ਨਵਾਬ ਆਫ ਰਾਮਪੁਰ, ਦੇਵਿੰਦਰ ਮੁਰਦੇਸ਼ਵਰ, ਵਿਜੈ ਰਾਗਵਣ ਰਾਓ ਅਤੇ ਸ਼ਿਵ ਕੁਮਾਰ ਸ਼ਰਮਾ ਆਦਿ ਸਨ। ਇਸੇ ਸਮੇਂ ਹੀ ਉਸ ਨੂੰ ਸਪ੍ਰਸਿਧ ਹਿੰਦੀ ਕਵੀਆਂ ਸੁਮਿਤਰਾ ਨੰਦਰ ਪੰਤ, ਸ੍ਰੀ ਬਚਨ, ਸ੍ਰੀ ਗਿਰਜਾ ਕੁਮਾਰ ਮਾਥੁਰ ਅਤੇ ਨਰਿੰਦਰ ਸ਼ਰਮਾ ਦੀਆਂ ਕਾਵਿ ਰਚਨਾਵਾਂ ਨੂੰ ਸੰਗੀਤਕ ਸਵਰ ਦੇਣ ਦਾ ਅਵਸਰ ਵੀ ਮਿਲਦਾ ਰਿਹਾ ਹੈ। ਇੱਕ ਹੋਰ ਗੱਲ ਜੋ ਉਸ ਦੀ ਸੰਗੀਤ ਕਲਾ ਦੇ ਅਨੁਭਵ ਅਤੇ ਗਿਆਨ ਨੂੰ ਵਿਸ਼ਾਲ ਬਣਾਉਣ ਵਿੱਚ ਸਹਾਈ ਹੋਈ ਹੈ, ਉਹ ਹੈ ਆਕਾਸ਼ਵਾਣੀ ਪੁਰਾਤੱਤਵ ਵਿਭਾਗ ਲਈ ਸੰਗੀਤ ਰਚਨਾਵਾਂ ਨੂੰ ਇਕੱਤਰ ਕਰਨਾ। ਇਸ ਸੰਬੰਧ ਵਿੱਚ ਉਸ ਨੂੰ ਉਸਤਾਦ ਅਮੀਰ ਖਾਂ, ਸ੍ਰੀ ਭੀਮ ਸਨ ਜੋਸ਼ੀ, ਸ੍ਰੀ ਪੰਡਿਤ ਰਵੀ ਸ਼ੰਕਰ, ਸ੍ਰੀ ਨਸਾਰ ਖਾਂ, ਸ੍ਰੀ ਬਿਸਮਿਲਾ ਖਾਂ ਅਤੇ ਪੰਡਿਤ ਜਸਰਾਜ ਵਰਗੇ ਉਘੇ ਸ਼ਾਸਤਰੀ ਗਾਇਕਾਂ ਅਤੇ ਪ੍ਰਬੀਨ ਵਦਾਕਾਂ ਦੀਆਂ ਰਚਨਾਵਾਂ ਨੂੰ ਰਿਕਾਰਡ ਕਰਨ ਦਾ ਮੌਕਾ ਮਿਲਿਆ ਹੈ, ਜਿਸ ਨਾਲ ਉਹ ਇਨ੍ਹਾਂ ਕਲਾਕਾਰਾਂ ਦੀਆਂ ਕਲਾਤਮਕ ਬਾਰੀਕਿਆਂ ਨੂੰ ਸਮਝਣ ਵਿੱਚ ਹੋਰ ਵੀ ਸਫਲ ਹੋਇਆ ਹੈ। ਅਨੇਕ ਸੁਗਮ ਸੰਗੀਤ ਅਤੇ ਉਪ ਸ਼ਾਸਤਰੀ ਦੇ ਵਸ਼ਿਸ਼ਟ ਗਾਇਕਾਂ ਅਤੇ ਗ਼ਜ਼ਲ ਗਾਇਕਾਂ ਦੀ ਸ਼ੈਲੀ ਦੀਆਂ ਸੂਖਮਤਾਵਾਂ ਨੂੰ ਵੀ ਉਸ ਨੇ ਸੰਵੇਦਨਸ਼ੀਲ ਅੰਤਰ ਦ੍ਰਿਸ਼ਟੀ ਨਾਲ ਸੁਣਿਆਂ, ਵਿਚਾਰਿਆ ਅਤੇ ਘੋਖਿਆ ਹੈ। ਇਸ ਕਲਾਤਮਕ ਵਿਸ਼ਲੇਸ਼ਣ ਨੇ ਉਸ ਦੀ ਆਪਣੀ ਸੰਗੀਤਕ ਸੂਝ ਤੇ ਕਲਾ ਦ੍ਰਿਸ਼ਟੀ ਨੂੰ ਹੋਰ ਪ੍ਰਫੁਲਤ ਤੇ ਵਿਕਸਤ ਕੀਤਾ ਹੈ ਅਤੇ ਉਹ ਹੋਰ ਵੀ ਪ੍ਰਪੱਕ ਤੇ ਪ੍ਰੋੜ ਹੋਈ ਹੈ। ਸੱਚ ਤਾਂ ਇਹ ਹੈ ਕਿ ਇਸ ਕਲਾਕਾਰ ਨੇ ਆਪਣੇ ਮਨ ਨੂੰ ਸਦਾ ਚੰਗੇਰੀ ਤੇ ਉਚੇਰੀ ਕਲਾ ਲਈ ਖੁੱਲ੍ਹਾ ਰੱਖਿਆ ਹੈ ਅਤੇ ਬਹੁਤ ਸਾਰੇ ਸੋਮਿਆਂ ਤੋਂ ਰਚਨਾਤਮਕ ਪ੍ਰਭਾਵ ਅਚੇਤ ਤੇ ਸੁਚੇਤ ਦੋਹਾਂ ਰੂਪਾਂ ਵਿੱਚ ਗ੍ਰਹਿਣ ਕੀਤੇ ਹਨ। ਨੌਕਰੀ ਦੇ ਨਾਲ-ਨਾਲ ਆਪਣੇ ਪ੍ਰੋਗਰਾਮਾਂ ਨੂੰ ਵੀ ਜਾਰੀ ਰੱਖਿਆ ਹੈ ਅਤੇ ਹੁਣ ਤੱਕ ਵੀ ਉਹ ਇੱਕ ਉਤਕ੍ਰਿਸ਼ਟ ਕਲਾਕਾਰ ਦੇ ਤੌਰ ਤੇ ਉਹ ਇਨ੍ਹਾਂ ਸਾਰੀਆਂ ਸੰਸਥਾਵਾਂ ਨਾਲ ਜੁੜਿਆ ਹੋਇਆ ਹੈ।

## 5. ਕੀਰਤਨ ਦਰਬਾਰਾਂ ਦੀ ਲਹਿਰ ਵਿੱਚ ਯੋਗਦਾਨ

ਦੇਵਿੰਦਰ ਸਿੰਘ ਨੇ ਆਕਾਸ਼ਵਾਣੀ ਦੀ ਸੇਵਾ ਨੂੰ ਆਪਣੇ ਲਈ ਸੀਮਿਤ ਖੇਤਰ ਸਮਝ ਕੇ ਇਸ ਸੁਤੰਤਰ ਕਲਾਕਾਰ ਦੇ ਕਿੱਤੇ ਨੂੰ ਅਪਣਾਇਆ, ਜਿਸ ਵਿੱਚ ਉਸ ਨੂੰ ਸਫ਼ਲਤਾ ਪ੍ਰਾਪਤ ਹੋਈ। ਇਸ ਸਮੇਂ ਤੱਕ ਭਾਈ ਦੇਵਿੰਦਰ ਸਿੰਘ ਗੁਰਬਾਣੀ ਦਾ ਕੀਰਤਨ ਵੀ ਕਰਦਾ ਸੀ। ਸ਼ਾਸਤਰੀ ਅਤੇ ਸੁਗਮ ਗਾਇਕੀ ਵਿੱਚ ਉਸ ਨੂੰ ਪ੍ਰਬੀਨਤਾ ਪ੍ਰਾਪਤ ਸੀ। ਇਹ ਦੋਵੇਂ ਖੇਤਰ ਉਸ ਨੇ ਆਪਣੇ ਕਲਾ ਦੇ ਵਿਕਾਸ ਲਈ ਖੁੱਲ੍ਹੇ ਰੱਖੇ। 1968 ਵਿੱਚ ਭਾਈ ਦੇਵਿੰਦਰ ਸਿੰਘ ਨੂੰ ਪੰਜਾਬ ਸਰਕਾਰ ਵਲੋਂ ਸੰਗੀਤ ਦਾ ਸ਼੍ਰੋਮਣੀ ਐਵਾਰਡ ਵੀ ਦਿੱਤਾ ਗਿਆ। 1969 ਵਿੱਚ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਜਨਮ ਉਤਸਵ ਸਮੇਂ ਪੰਜਾਬ ਵਿੱਚ ਗੁਰਮਤਿ ਸੰਗੀਤ ਦਾ ਇੱਕ ਨਵਾਂ ਵਾਤਾਵਰਣ ਹੋਂਦ ਵਿੱਚ ਆਇਆ। ਅਨੇਕ ਸੰਸਥਾਵਾਂ ਨੇ ਗੁਰੂ ਨਾਨਕ ਦੇਵ ਜੀ ਦੀ ਰਬੀ ਜੋਤ ਨੂੰ ਆਪਣੇ-ਆਪਣੇ ਢੰਗ ਨਾਲ ਸ਼ਰਧਾਂਜਲੀਆਂ ਅਰਪਨ ਕੀਤੀਆਂ। ਪੰਜਾਬ ਕੀਰਤਨ ਦਰਬਾਰ ਟਰੱਸਟ ਦੀ ਸਥਾਪਨਾ ਹੋਈ, ਜਿਸ ਦੀ ਜਨਰਲ ਸਕੱਤਰ ਦੀ ਸੇਵਾ ਨੂੰ ਭਾਈ ਦੇਵਿੰਦਰ ਸਿੰਘ ਜੀ ਨੇ ਬੜੀ ਸੁਯੋਗਤਾ ਨਾਲ ਨਿਭਾਇਆ ਹੈ। ਪੰਜਾਬ ਕੀਰਤਨ ਦਰਬਾਰ ਟਰੱਸਟ ਵਲੋਂ ਅਨੇਕ ਸ਼ਹਿਰਾਂ ਵਿੱਚ ਵੱਖ-ਵੱਖ ਸਮੇਂ ਵਿਸ਼ਾਲ ਕੀਰਤਨ ਦਰਬਾਰ ਕਰਵਾਏ ਗਏ ਅਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਇੱਕ ਅਦੁੱਤੀ ਅਵਸਰ ਇਸ ਮਾਧਿਅਮ ਨੇ ਪ੍ਰਦਾਨ ਕੀਤਾ। ਭਾਈ ਦੇਵਿੰਦਰ ਸਿੰਘ ਨੇ ਵਿਅਕਤੀਗਤ ਰੂਪ ਵਿੱਚ ਵੀ ਇੱਕ ਕੀਰਤਨਕਾਰ ਅਤੇ ਗਾਇਕ ਵਜੋਂ ਇਨ੍ਹਾਂ ਕੀਰਤਨ ਦਰਬਾਰਾਂ ਵਿੱਚ ਵਡਮੁੱਲਾ ਹਿੱਸਾ ਪਾਇਆ ਹੈ। ਇਹੋ ਹੀ ਭਾਈ ਦੇਵਿੰਦਰ ਸਿੰਘ ਦੀ ਵਸ਼ਿਸ਼ਟ ਰਾਗੀ ਅਤੇ ਕੀਰਤਨਕਾਰ ਦੇ ਰੂਪ ਵਿੱਚ ਪ੍ਰਸਿੱਧੀ ਦਾ ਕਾਰਨ ਬਣੇ ਹਨ।

ਇਸ ਸੰਸਥਾ ਵਲੋਂ ਹੀ ਕਈ ਕੀਰਤਨ ਦਰਬਾਰ ਵਿਦੇਸ਼ਾਂ ਵਿੱਚ ਕਰਵਾਏ ਗਏ, ਜਿਨ੍ਹਾਂ ਵਿੱਚ ਭਾਈ ਦੇਵਿੰਦਰ ਸਿੰਘ ਨੇ ਵੀ ਭਾਗ ਲਿਆ। ਇਸੇ ਸੰਬੰਧ ਵਿੱਚ ਉਨ੍ਹਾਂ ਨੂੰ ਲੰਡਨ, ਕਵੈਤ, ਕਨੇਡਾ, ਬਰਮਾ, ਅਮਰੀਕਾ ਆਦਿ ਦੀ ਵਿਸ਼ੇਸ਼ ਯਾਤਰਾ ਵੀ ਕਰਨੀ ਪਈ ਹੈ। ਬਰਤਾਨੀਆ, ਅਮਰੀਕਾ ਅਤੇ ਕਨੇਡਾ ਦੀਆਂ ਯੂਨੀਵਰਸਿਟੀਆਂ ਵਿੱਚ ਕੀਰਤਨ ਕਰਨ ਸਮੇਂ ਉਨ੍ਹਾਂ ਨੂੰ ਗੁਰਬਾਣੀ ਦੇ ਸ਼ਬਦਾਂ ਦੀ ਅੰਗਰੇਜ਼ੀ ਵਿੱਚ ਵੀ ਵਿਆਖਿਆ ਕਰਨੀ ਪਈ ਹੈ। ਇਹ ਸਾਰੇ ਕਾਰਜ ਭਾਈ ਦੇਵਿੰਦਰ ਸਿੰਘ ਦੀ ਕਲਾ ਨੂੰ ਸਿਖ਼ਰਾਂ ਉੱਤੇ ਪਹੁੰਚਾਉਣ ਵਿੱਚ ਵੀ ਸਹਾਈ ਹੋਏ ਹਨ।

ਗੁਰੂ ਨਾਨਕ ਫਾਊਂਡੇਸ਼ਨ ਵਲੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਰਾਗਾਂ ਅਨੁਸਾਰ ਐਲ.ਪੀ. ਰਿਕਾਰਡ ਤਿਆਰ ਕਰਵਾਏ ਗਏ ਹਨ, ਉਨ੍ਹਾਂ ਵਿੱਚ ਭਾਈ ਦੇਵਿੰਦਰ ਸਿੰਘ ਦੇ ਰਿਕਾਰਡਾਂ ਦਾ ਵੀ ਪ੍ਰਮੁੱਖ ਸਥਾਨ ਹੈ। ਅਕਾਸ਼ਵਾਣੀ ਜਲੰਧਰ ਤੋਂ ਭਾਈ ਦੇਵਿੰਦਰ ਸਿੰਘ ਦੇ ਗੁਰਬਾਣੀ ਦੇ ਸ਼ਬਦਾਂ ਦੇ ਪ੍ਰੋਗਰਾਮ ਲਗਾਤਾਰ ਚਲਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਗਿਣਤੀ ਕੁਝ ਇੱਕ ਚੋਟੀ ਦੇ ਗੁਰਬਾਣੀ ਗਾਇਕਾਂ ਵਿੱਚ ਹੁੰਦੀ ਹੈ। ਉਨ੍ਹਾਂ ਦਾ ਆਸਾ ਦੀ ਵਾਰ ਦਾ ਸੰਪੂਰਣ ਰਿਕਾਰਡ ਵੀ ਸਪਤਾਹਿਕ ਪ੍ਰੋਗਰਾਮਾਂ ਵਿੱਚ ਕਈ ਵਾਰ ਦੋਹਰਾਇਆ ਗਿਆ ਹੈ। ਅਕਾਸ਼ਵਾਣੀ ਜਲੰਧਰ ਦੇ ਸ਼ਬਦ ਗਾਇਨ ਪ੍ਰੋਗਰਾਮਾਂ ਵਿੱਚ ਨਿਰਧਾਰਤ ਰਾਗਾਂ ਵਿੱਚ ਗਾਏ ਗਏ ਉਨ੍ਹਾਂ ਦੇ ਸ਼ਬਦ ਅਨੇਕ ਵਾਰ ਪ੍ਰਸਾਰਤ ਹੁੰਦੇ ਰਹਿੰਦੇ ਹਨ। ਇਸ ਤਰ੍ਹਾਂ ਉਨ੍ਹਾਂ ਵਲੋਂ ਗਾਏ ਹੋਏ ਸ਼ਬਦਾਂ ਦੇ ਕਈ ਐਲ.ਪੀ. ਰਿਕਾਰਡ ਅਤੇ ਵੀਡੀਓ ਤਿਆਰ ਹੋ ਚੁੱਕੇ ਹਨ, ਜਿਨਾਂ ਦੁਆਰਾ ਉਨ੍ਹਾਂ ਦੀ ਇੱਕ ਕੀਰਤਨਕਾਰ ਦੇ ਤੌਰ ਤੇ ਪ੍ਰਸਿੱਧੀ ਵਿਸ਼ਵਵਿਆਪੀ ਰੂਪ ਹੀ ਧਾਰਣ ਕਰ ਗਈ ਹੈ।

ਇਨ੍ਹਾਂ ਕੀਰਤਨ ਦਰਬਾਰਾਂ ਦੇ ਪ੍ਰਭਾਵ ਸਦਕਾ ਹੀ ਭਾਈ ਦੇਵਿੰਦਰ ਸਿੰਘ ਜੀ ਨੇ ਹੁਣ ਕੇਵਲ ਕੀਰਤਨਕਾਰ ਅਤੇ ਗੁਰਬਾਣੀ ਗਾਇਕ ਦੇ ਕਿੱਤੇ ਨੂੰ ਹੀ ਪੱਕੇ ਤੌਰ ਤੇ ਅਪਣਾ ਲਿਆ ਹੈ ਅਤੇ ਆਪਣੀ ਸਮੁੱਚੀ ਸੰਗੀਤ ਕਲਾ ਨੂੰ ਗੁਰਮਤਿ ਸੰਗੀਤ ਦੀ ਵਿਰਧੀ ਅਤੇ ਵਿਕਾਸ ਦੇ ਲੇਖੇ ਲਾ ਦਿੱਤਾ ਜਾ ਸਮਰਪਤ ਕਰ ਦਿੱਤਾ ਹੈ।

## 6. ਕੀਰਤਨ ਬਾਰੇ ਅਨੁਭਵ ਤੇ ਚਿੰਤਨ

ਭਾਈ ਦੇਵਿੰਦਰ ਸਿੰਘ ਕੀਰਤਨ ਅਤੇ ਗੁਰਬਾਣੀ ਦੀ ਗਾਇਕੀ ਅਰਥਾਤ ਗੁਰਮਤਿ ਸੰਗੀਤ ਬਾਰੇ ਕਿਉਂ ਜੋ ਵਿਸ਼ਾਲ ਅਨੁਭਵ ਅਤੇ ਗਿਆਨ ਰੱਖਦੇ ਹਨ ਇਸ ਲਈ ਉਨ੍ਹਾਂ ਦੀਆਂ ਕੁਝ ਸਿਮਰਤੀਆਂ, ਪ੍ਰਭਾਵਾਂ, ਅਨੁਭਵਾਂ ਅਤੇ ਵਿਚਾਰਾਂ ਨੂੰ ਇੱਥੇ ਅੰਕਿਤ ਕਰਨਾ ਬੜਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਇਹ ਵਿਚਾਰ ਇਸ ਤਰ੍ਹਾਂ ਸਮਝ ਲਉ ਕਿ ਭਾਈ ਦੇਵਿੰਦਰ ਸਿੰਘ ਦੀ ਆਪਣੀ ਕਲਾ ਦੀ ਸ੍ਵੈ-ਵਿਆਖਿਆ ਤੇ ਸ੍ਵੈ-ਆਲੋਚਨਾ ਹੀ ਹਨ।

ਭਾਈ ਦੇਵਿੰਦਰ ਸਿੰਘ ਦਾ ਕਥਨ ਹੈ ਕਿ "ਮੇਰੇ ਪਿਤਾ ਜੀ ਅਤੇ ਮਾਤਾ ਜੀ ਦਾ ਸੰਗੀਤ ਨਾਲ ਅਟੁੱਟ ਪਿਆਰ ਮੈਨੂੰ ਅੱਜ ਦੀ ਮੰਜ਼ਿਲ ਤੇ ਪਹੁੰਚਾਉਣ ਲਈ ਸਹਾਈ ਹੋਇਆ।"

ਆਪਣੇ ਪਿਤਾ ਜੀ ਦੀ ਗਾਇਕੀ ਦੇ ਗੁਣਾਂ ਤੋਂ ਉਪਰੰਤ ਬਚਪਨ ਤੋਂ ਹੀ ਭਾਈ ਦੇਵਿੰਦਰ ਸਿੰਘ ਦੇ ਸੰਵੇਦਨਸ਼ੀਲ ਮਨ ਉੱਤੇ ਕਈ ਮਹਾਨ ਕੀਰਤਨਕਾਰਾਂ ਅਤੇ ਰਾਗੀਆਂ ਨੇ ਪ੍ਰਭਾਵ ਪਾਇਆ ਹੈ। ਇਨ੍ਹਾਂ ਵਿੱਚੋਂ ਭਾਈ ਚਾਂਦ ਜੀ ਬਾਰੇ ਭਾਈ ਦੇਵਿੰਦਰ ਸਿੰਘ ਇੰਝ ਕਥਨ ਕਰਦੇ ਹਨ, "ਸਾਡੇ ਪਿਛਕੋੜ ਵਿੱਚ ਭਾਈ ਚਾਂਦ ਇਕ ਅਲੌਕਿਕ ਢੰਗ ਨਾਲ ਕੀਰਤਨ ਕਰਦਾ ਸੀ। ਮੈਂ ਉਸ ਨੂੰ ਸੁਰ-ਸੁਆਦ, ਬਾਰੀਕੀ, ਰਾਗ ਦੀ ਸਪੱਸ਼ਟਤਾ ਅਤੇ ਗੁਰਬਾਣੀ ਦੇ ਭੰਡਾਰ ਦੇ ਰੂਪ ਵਿੱਚ ਵੇਖਿਆ ਹੈ।" ਇਨ੍ਹਾਂ ਤੋਂ ਬਿਨਾਂ ਭਾਈ

ਉਹ ਵਿਅਕਤੀ ਆਪਣੇ ਕੀਰਤਨ ਨੂੰ ਰੱਬੀ ਆਨੰਦ ਨਾਲ ਭਰਪੂਰ ਕਰ ਦੇਂਦੇ ਸਨ ਅਤੇ ਬਦੋ ਬਦੀ ਸ੍ਰੋਤਿਆਂ ਦੇ ਮਨ ਪ੍ਰਭੂ ਦੇ ਨਾਮ ਸਿਮਰਨ ਵਿੱਚ ਜੁੜ ਕੇ ਚਰਨ ਕਮਲਾਂ ਦੇ ਰਹੱਸ ਨੂੰ ਮਾਨਣ ਲੱਗ ਪੈਂਦੇ ਸਨ। ਭਾਈ ਦੇਵਿੰਦਰ ਸਿੰਘ ਦਾ ਮਤ ਹੈ ਕਿ ਗੁਰੂ ਕੀਰਤਨ ਦੀ ਮਰਿਆਦਾ ਵਿੱਚ ਸਾਨੂੰ ਅਜਿਹੇ ਸਹਿਜ ਅਤੇ ਸ਼ਾਂਤ ਰਸ ਦੇ ਵਾਤਾਵਰਣ ਦੀ ਹੀ ਪੁਨਰ ਸਥਾਪਤੀ ਕਰਨੀ ਹੋਵੇਗੀ।

**7. ਭਾਈ ਦੇਵਿੰਦਰ ਸਿੰਘ ਦੀ ਕੀਰਤਨ ਸ਼ੈਲੀ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ**

ਭਾਈ ਦੇਵਿੰਦਰ ਸਿੰਘ ਜੀ ਇੱਕ ਉਚਕੋਟੀ ਦੇ ਗਾਇਕ ਅਤੇ ਕੀਰਤਨਕਾਰ ਹਨ। ਉਨ੍ਹਾਂ ਉੱਤੇ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੋਹਾਂ ਦਾ ਹੀ ਵਿਸ਼ੇਸ਼ ਪ੍ਰਭਾਵ ਹੈ ਅਤੇ ਇਸ ਤੋਂ ਬਿਨਾਂ ਉਨ੍ਹਾਂ ਉੱਤੇ ਉੱਪ ਸ਼ਾਸਤਰੀ ਅਤੇ ਸੁਗਮ ਸੰਗੀਤ ਨੇ ਵੀ ਕਾਫੀ ਅਸਰ ਪਾਇਆ ਹੈ ਕਿਉਂ ਜੋ ਆਪਣੇ ਸਾਰੇ ਜੀਵਨ ਵਿੱਚ ਉਚਕੋਟੀ ਦੇ ਕਲਾਕਾਰਾਂ ਨੂੰ ਭਾਵੇਂ ਉਹ ਸ਼ਾਸਤਰੀ ਸੰਗੀਤ ਦੇ ਹੋਣ ਜਾਂ ਸੁਗਮ ਸੰਗੀਤ ਦੇ, ਸੁਣਿਆਂ ਤੋਂ ਮਾਣਿਆਂ ਹੈ। ਸਗੋਂ ਉਨ੍ਹਾਂ ਦੀ ਕਲਾ ਦਾ ਸੁਚੇਤ ਰੂਪ ਵਿੱਚ ਵਿਸ਼ਲੇਸ਼ਣ ਵੀ ਕੀਤਾ ਹੈ। ਸ਼ਾਸਤਰੀ, ਉਪ ਸ਼ਾਸਤਰੀ ਅਤੇ ਸੁਗਮ ਸੰਗੀਤ ਦੀ ਗਾਇਕੀ ਨੇ, ਜਿਸ ਵਿੱਚ ਲੋਕ ਸੰਗੀਤ ਅਤੇ ਗ਼ਜ਼ਲ ਆਦਿ ਵੀ ਸ਼ਾਮਲ ਹੈ, ਉਨ੍ਹਾਂ ਨੂੰ ਇੱਕ ਰਸਿਕ ਕਲਾਕਾਰ ਦੇ ਰੂਪ ਵਿੱਚ ਵਿਕਸਤ ਕੀਤਾ ਹੈ। ਉਹ ਸਵਰ ਤੇ ਤਾਲ ਦੇ ਬੜੇ ਪਕੇ ਹਨ। ਉਨ੍ਹਾਂ ਦੀ ਆਵਾਜ਼ ਵਿੱਚ ਰਸ ਹੈ। ਉਨ੍ਹਾਂ ਦੀ ਗਾਇਕੀ ਵਿੱਚ ਇੱਕ ਉਤਮ ਕਲਾਕਾਰ ਵਾਲਾ ਵਿਸ਼ਵਾਸ ਤੇ ਨਿਵੇਕਲਾਪਣ ਦ੍ਰਿਸ਼ਟੀਗੋਚਰ ਹੁੰਦਾ ਹੈ ਆਪਣੇ ਜੀਵਨ ਦੇ ਲੰਮੇ ਅਭਿਆਸ ਕਾਰਣ ਉਨ੍ਹਾਂ ਨੇ ਆਪਣੀ ਵਿਅਕਤੀਗਤ ਕੀਰਤਨ ਸ਼ੈਲੀ ਵੀ ਵਿਕਸਤ ਕਰ ਲਈ ਹੈ। ਇਸ ਗਾਇਨ ਸ਼ੈਲੀ ਵਿੱਚ ਕੁਝ ਨਿਵੇਕਲੀਆਂ ਵਿਸ਼ੇਸ਼ਤਾਵਾਂ ਹਨ। ਉਨ੍ਹਾਂ ਦਾ ਸ਼ਬਦਾਂ ਨੂੰ ਉਚਾਰਣ ਦਾ ਢੰਗ ਬੜਾ ਸਪਸ਼ਟ ਤੇ ਪ੍ਰਭਾਵਸ਼ਾਲੀ ਹੁੰਦਾ ਹੈ। ਇਸ ਤੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਉਹ ਸ਼ਬਦ ਦੀ ਧੁਰ ਆਤਮਾ ਵਿੱਚ ਖੁਭ ਗਏ ਹਨ ਅਤੇ ਉਸ ਦੇ ਅਰਥ ਅਤੇ ਭਾਵ ਦੋਹਾਂ ਨੂੰ ਹੀ ਸੰਚਾਰ ਕਰ ਸਕਣ ਦੇ ਯਤਨ ਵਿੱਚ ਹਨ। ਸ਼ਾਸਤਰੀ ਰਾਗਾਂ ਦਾ ਉਹ ਆਸਰਾ ਲੈਂਦੇ ਹਨ ਅਤੇ ਸ਼ਬਦ ਨੂੰ ਉਸ ਦੇ ਮੂਲ ਰਾਗ ਵਿੱਚ ਹੀ ਵਧੇਰੇ ਕਰਕੇ ਗਾਉਂਦੇ ਹਨ। ਵਿਸ਼ੇਸ਼ ਕਰਕੇ ਸਥਾਈ ਦੇ ਅੰਗ ਨੂੰ, ਜਾਂ ਬਹੁਤੀ ਵਾਰ ਰਹਾਓ ਦੀ ਪੰਗਤੀ ਹੁੰਦੀ ਹੈ। ਇਨ੍ਹਾਂ ਬੋਲਾਂ ਨੂੰ ਨਿਖੇੜ ਕੇ ਤੇ ਰਾਗਾਂ ਦੇ ਸਵਰਾਂ ਨੂੰ ਜਗਾ ਕੇ ਪ੍ਰਸਤੁਤ ਕਰਨ ਵਿੱਚ ਉਨ੍ਹਾਂ ਨੂੰ ਕਮਾਲ ਹਾਸਲ ਹੈ। ਸ਼ਾਸਤਰੀ ਗਾਇਕਾਂ ਸਮਾਨ ਉਹ ਕੀਰਤਨ ਵਿੱਚ ਸਹਿਜ ਅਤੇ ਸ਼ਾਂਤ ਦੇ ਵਾਤਾਵਰਣ ਨੂੰ ਵਧੇਰੇ ਕਰਕੇ ਵਿਲੰਬਤ ਲੈਅ ਵਿੱਚ ਕਰਦੇ ਹਨ। ਇੱਥੋਂ ਤੱਕ ਕਿ ਦਸਮ ਬਾਣੀ ਦੇ ਸਵੱਯੇ ਨੂੰ ਵੀ ਉਹ ਰਾਗ ਦੀ ਬੰਦਸ਼ ਵਿੱਚ ਲਿਆ ਕੇ ਵਿਲੰਬਤ ਲੈਅ ਵਿੱਚ ਹੀ ਗਾਉਂਦੇ ਹਨ, ਅਤੇ ਕੀਰਤਨ ਵਿੱਚ ਵਿਸ਼ੇਸ਼ ਸੁਹਜ ਸੁਆਦ ਨੂੰ ਸਿੰਚਤ ਕਰਦੇ ਹਨ। ਲੋੜ ਅਨੁਸਾਰ ਗੁਰਬਾਣੀ ਵਿੱਚੋਂ ਸ਼ਬਦ ਦੇ ਭਾਵ ਦੀ ਹੋਰ ਵਿਆਖਿਆ ਲਈ ਪ੍ਰਮਾਣ ਵੀ ਦੇਂਦੇ ਹਨ, ਪਰ ਉਹ ਪ੍ਰਮਾਣ ਦੇਣ ਸਮੇਂ ਰਾਗ ਜਾਂ ਮੂਲ ਸ਼ਬਦ ਦੇ ਦਾਇਰੇ ਤੋਂ ਬਾਹਰ ਨਹੀਂ ਜਾਂਦੇ ਅਤੇ ਛੇਤੀ ਮੁੜ ਸਥਾਈ ਦੇ ਬੋਲਾਂ ਅਤੇ ਰਾਗ ਦੀ ਆਰੋਹੀ, ਅਵਰੋਹੀ ਵਲ ਪਰਤ ਆਉਂਦੇ ਹਨ। ਖਿਆਲ ਦੇ ਗਾਇਕ ਸਮਾਨ ਇਕ ਇੱਕ ਪੰਗਤੀ ਦੀ ਗਾਇਕੀ ਵਿੱਚ ਲੋੜੀਂਦੀਆਂ ਬੜਤਾਂ ਕਰਦੇ ਰਹਿੰਦੇ ਹਨ, ਜਿਵੇਂ ਕਿ ਖਿਆਲ ਦੇ ਗਾਇਕ ਭਾਵ ਪ੍ਰਦਰਸ਼ਨ ਲਈ ਇਕੋ ਵਾਕ ਨੂੰ ਭਾਵ ਦੇ ਪ੍ਰਦਰਸ਼ਨ ਲਈ ਵੱਖ ਵੱਖ ਰੂਪ ਵਿੱਚ ਗਾਉਂਦੇ ਹਨ। ਉਹ ਸਟੂਡੀਓ ਦੀ ਗਾਇਕੀ ਅਤੇ ਕੀਰਤਨ ਦਰਬਾਰ ਦੀ ਗਾਇਕੀ ਦੇ ਅੰਤਰ ਨੂੰ ਬਹੁਤ ਭਲੀ ਪ੍ਰਕਾਰ ਸਮਝਦੇ ਹਨ। ਉਨ੍ਹਾਂ ਦੇ ਸਟੂਡਿਓ ਲਈ ਗਾਏ ਗਏ ਸ਼ਬਦ ਜੋ ਅਕਾਸ਼ਵਾਣੀ ਤੋਂ ਅਕਸਰ ਪ੍ਰਸਾਰਤ ਹੁੰਦੇ ਰਹਿੰਦੇ ਹਨ ਆਪਣੇ ਰਾਗ ਦੇ ਸ਼ੁੱਧ ਸਰੂਪ ਨੂੰ ਲਈ ਬੈਠੇ ਹੁੰਦੇ ਹਨ ਅਤੇ ਉਨ੍ਹਾਂ ਵਿੱਚ ਭਾਈ ਦੇਵਿੰਦਰ ਸਿੰਘ ਸਵਰਾਂ ਦੀਆਂ ਬਾਰੀਕੀਆਂ ਅਤੇ ਲੈਅਕਾਰੀ ਦੀਆਂ ਕਈ ਕੋਮਲਤਾਵਾਂ ਨੂੰ ਪ੍ਰਦਰਸ਼ਨ ਕਰ ਜਾਂਦੇ ਹਨ। ਇੱਕ ਲੋੜੀਂਦਾ ਵੈਰਾਗ ਤੇ ਮਸਤੀ ਦਾ ਵਾਤਾਵਰਣ ਉਤਪੰਨ ਕਰ ਸਕਣਾ ਉਨ੍ਹਾਂ ਦੀ ਕਲਾ ਦੀ ਵਿਸ਼ੇਸ਼ਤਾ। ਕੀਰਤਨ ਦਰਬਾਰ ਵਿੱਚ ਉਹ ਵਧੇਰੇ ਕਰਕੇ ਕੀਰਤਨ ਦੀ ਸਥਾਪਤ ਪਰੰਪਰਾ ਅਤੇ ਸ੍ਰੋਤਿਆਂ ਦੀਆਂ ਰੁਚੀਆਂ ਦਾ ਖਿਆਲ ਰੱਖਦੇ ਹਨ। ਉਹ ਸ੍ਰੋਤਿਆਂ ਤੇ ਸੰਗਤਾਂ ਨੂੰ ਦੂਜੇ ਰਾਗੀਆਂ ਸਮਾਨ ਆਪਣੇ ਨਾਲ ਗਾਉਣ ਲਈ ਵੀ ਸੱਦਾ ਦੇਂਦੇ ਹਨ, ਪਰ ਫਿਰ ਥੋੜਾ ਜਿਹਾ ਰੰਗ ਵਿਖਾ ਕੇ ਆਪ ਅਜਿਹੀਆਂ ਬਾਰੀਕੀਆਂ ਵਲ ਆ ਜਾਂਦੇ ਹਨ ਕਿ ਸ੍ਰੋਤਿਆਂ ਦਾ ਉੱਥੋਂ ਤੱਕ ਪਹੁੰਚਾਉਣਾ ਕਠਿਨ ਹੁੰਦਾ ਹੈ। ਉਹ ਲੋਕ ਸੰਗੀਤ ਦੇ ਦੇਸੀ ਅੰਗਾਂ ਤੋਂ ਤਾਂ ਪ੍ਰਭਾਵਤ ਹੁੰਦੇ ਹਨ, ਪਰ ਫ਼ਿਲਮੀ ਤੇ ਹੋਰ ਗੀਤਾਂ ਦੀਆਂ ਸਸਤੀਆਂ ਧੁਨਾਂ ਤੋਂ ਕੋਹਾਂ ਦੂਰ ਰਹਿੰਦੇ ਹਨ। ਇਹੋ ਕਾਰਣ ਹੈ ਕਿ ਉਨ੍ਹਾਂ ਦੀ ਗਾਇਕੀ ਆਪਣੇ ਵਿੱਚ ਉਚਕੋਟੀ ਦੀ ਰਸਿਕਤਾ ਤੇ ਕਲਾਤਮਕਤਾ ਨੂੰ ਸਮੋਈ ਬੈਠੀ ਹੈ।

ਆਪਣੇ ਕੀਰਤਨ ਦੀ ਸ਼ੈਲੀ ਅਤੇ ਗਾਇਕੀ ਬਾਰੇ ਉਨ੍ਹਾਂ ਨੇ ਆਪ ਵੀ ਕੁਝ ਸ੍ਵੈ-ਵਿਆਖਿਆ ਕੀਤੀ ਹੈ। ਇਥੇ ਅਸੀਂ ਉਨ੍ਹਾਂ ਦੇ ਆਪਣੇ ਸ਼ਬਦਾਂ ਵਿੱਚ ਹੀ ਉਨ੍ਹਾਂ ਦੇ ਕਥਨਾਂ ਵਿੱਚੋਂ ਕੁਝ ਹਵਾਲੇ ਦੇ ਰਹੇ ਹਾਂ। "ਰੇਡੀਉ ਦੀ ਨੌਕਰੀ ਕਰਨ ਨਾਲ ਸੰਗੀਤਕ ਦਾਇਰਾ ਆਪਣੇ ਆਪ ਹੀ ਵਿਸ਼ਾਲ ਹੋ ਜਾਂਦਾ ਹੈ। ਹਰ ਪ੍ਰਾਂਤ ਦੀਆਂ ਲੋਕ ਸੰਗੀਤਕ ਰਚਨਾਵਾਂ ਨੂੰ ਸੁਣਨ ਤੇ ਸਮਝਣ ਦਾ ਮੌਕਾ ਮਿਲਦਾ ਹੈ। ਚੰਗੇ ਸੰਗੀਤਕਾਰਾਂ ਤੇ ਗ਼ਜ਼ਲ ਗਾਇਕਾਂ ਨੂੰ ਸੁਣਨ ਦਾ ਸਮਾਂ ਬਣਦਾ ਹੈ, ਜਿਸ ਕਾਰਣ ਸੁਗਮ ਸੰਗੀਤ ਦੀਆਂ ਬਾਰੀਕੀਆਂ ਬਦੋ-ਬਦੀ ਮਨ ਅੰਦਰ ਪ੍ਰਵੇਸ਼ ਕਰ ਜਾਂਦੀਆਂ ਹਨ। ਇਹੋ ਹੀ ਕਾਰਣ ਹੈ ਕਿ ਮੈਂ ਕੀਰਤਨ ਕਰਨ ਲਗਿਆਂ ਜਾਂ ਤਾਂ ਰਾਗ ਦਾ ਸਹਾਰਾ ਲੈਂਦਾ ਹਾਂ ਜਾਂ ਫਿਰ ਸੁਤੇ ਹੀ ਉਤਪੰਨ ਹੋਣ ਵਾਲੀਆਂ ਸੰਗੀਤਕ ਲਹਿਰਾਂ ਰਾਹੀਂ ਕੀਰਤਨ ਕਰਦਾ ਹਾਂ। ਮੇਰੇ ਉੱਤੇ ਫ਼ਿਲਮੀ ਦੁਨੀਆਂ ਦਾ ਕੋਈ ਅਸਰ ਵੀ ਨਹੀਂ ਹੁੰਦਾ।"

ਮੇਰੇ ਦੋਸਤ ਗ਼ੁਲਾਮ ਅਲੀ ਨੇ ਲੰਡਨ ਵਿੱਚ ਕਿਸੇ ਨੂੰ ਇਹ ਕਿਹਾ ਸੀ ਕਿ "ਕੀਰਤਨ ਗੁਰਬਾਣੀ ਦਾ ਸੁਆਦ ਭਾਈ

ਸਮੁੰਦ ਸਿੰਘ ਤੇ ਹੋਰ ਪੂਰਵ ਕਾਲੀ ਕੀਰਤਨਕਾਰਾਂ ਬਾਰੇ ਵੀ ਉਨ੍ਹਾਂ ਦੇ ਮਨ ਵਿੱਚ ਯਾਦਾਂ ਤਾਜ਼ਾ ਹਨ, "ਭਾਈ ਸਮੰਦ ਸਿੰਘ ਨੂੰ ਕੀਰਤਨ ਕਰਦਿਆਂ ਇਨ੍ਹਾਂ ਦੇ ਉਪਰਲੀਆਂ ਸਾਰੀਆਂ ਖ਼ੂਬੀਆਂ ਕਰਕੇ ਸੰਗਤ ਨੂੰ ਵਿਸਮਾਦ ਵਿੱਚ ਲਿਆਉਂਦਿਆਂ ਵੇਖਿਆ ਹੈ। ਭਾਈ ਗੁਰਮੁਖ ਸਿੰਘ ਤੇ ਸੁਰਮੁਖ ਸਿੰਘ ਜੀ ਨੂੰ ਸੰਗੀਤ ਦੀਆਂ ਸਿਖ਼ਰਾਂ ਨੂੰ ਛੂਹਦਿਆਂ ਕੀਰਤਨ ਕਰਦਿਆਂ ਵੇਖਿਆ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰੋ ਅੱਜ ਦਾ ਕੀਰਤਨ ਨਵਾਂ ਰੂਪ ਧਾਰਣ ਕਰ ਗਿਆ ਹੈ। ਮੇਰੇ ਵਿਚਾਰ ਵਿੱਚ ਕੀਰਤਨ ਇੱਕ ਤਪੱਸਿਆ ਹੈ, ਸਾਧਨਾ ਹੈ, ਜਿਸ ਲਈ ਬੜਾ ਲੰਮਾ ਸਫਰ ਕਰਨ ਤੋਂ ਬਾਅਦ ਹੀ ਪ੍ਰਾਪਤੀ ਹੋਣ ਦੀ ਆਸ ਬੱਝਦੀ ਹੈ, ਪਰੰਤੂ ਅੱਜ ਦੇ ਰਾਗੀ ਵਧੇਰੇ ਕਰਕੇ ਅਜਿਹੇ ਹਨ, ਜਿਨ੍ਹਾਂ ਨੇ ਨਾ ਸਿਖਿਆ ਵੱਲ ਧਿਆਨ ਦਿੱਤਾ ਹੁੰਦਾ ਹੈ ਅਤੇ ਨਾ ਹੀ ਸੰਗੀਤ ਦੀ ਪ੍ਰਾਪਤੀ ਲਈ ਉਸਤਾਦਾਂ ਦੀ ਮਾਰ ਖਾਧੀ ਹੁੰਦੀ ਹੈ। ਕੇਵਲ ਰਾਤੋ-ਰਾਤ ਦੋ ਸ਼ਬਦ ਯਾਦ ਕਰਕੇ ਅਤੇ ਉਨ੍ਹਾਂ ਨੂੰ ਸਵੇਰੇ ਫ਼ਿਲਮੀ ਤਰਜ਼ਾਂ ਉਤੇ ਗਾ ਕੇ ਰਾਗੀ ਬਣਨ ਵਲ ਕਦਮ ਵਧਾ ਰਹੇ ਹੁੰਦੇ ਹਨ।

ਗੁਰਮਤਿ ਸੰਗੀਤ ਦੇ ਸਿਧਾਂਤਕ ਤੇ ਕ੍ਰਿਆਤਮਕ ਸਿੱਖਿਆ ਵੱਲ ਰਚੇ ਗਏ ਸਾਹਿਤ ਦੀ ਮਹੱਤਤਾ ਬਾਰੇ ਉਨ੍ਹਾਂ ਦਾ ਵਿਚਾਰ ਹੈ ਕਿ ਅਜਿਹੇ ਸਾਹਿਤ ਦੀ ਬੜੀ ਵੱਡੀ ਲੋੜ ਹੈ। ਸ. ਗਿਆਨ ਸਿੰਘ ਐਪਟਾਬਾਦ ਵਾਲਿਆਂ ਨੇ ਗੁਰਮਤਿ 'ਸੰਗੀਤ' ਨਾਮ ਪੁਸਤਕ ਲਿਖ ਕੇ ਗੁਰੂ ਘਰ ਦੇ ਰਾਗੀਆਂ ਨੂੰ ਰਾਗ ਦੀ ਪਛਾਣ ਕਰਨ ਵਲ ਧਿਆਨ ਦੁਆਇਆ ਹੈ। ਸ. ਪਿਆਰਾ ਸਿੰਘ ਤਾਰ ਸ਼ਹਿਨਾਈ ਵਾਲਿਆਂ ਨੇ ਗੁਰਮਤਿ ਸੰਗੀਤੋ ਲਿਖ ਕੇ ਕੁਝ ਕੁ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ। ਇਸੇ ਤਰ੍ਹਾਂ ਪ੍ਰੋ. ਤਾਰਾ ਸਿੰਘ ਜੀ ਦੀਆਂ ਇਸ ਖੇਤਰ ਵਿੱਚ ਕੀਤੀਆਂ ਗਈਆਂ ਖੋਜਾਂ ਅਤੇ ਗੁਰਮਤਿ ਸੰਗੀਤ ਸੰਬੰਧੀ ਰਚੀਆਂ ਗਈਆਂ ਪੁਸਤਕਾਂ ਅਤੇ ਰਾਗ ਰਤਨਾਵਲੀਆਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਗੁਰਮਤਿ ਸੰਗੀਤ ਦੀ ਪਰੰਪਰਾ ਬਾਰੇ ਡੂੰਘੀ ਜਾਣਕਾਰੀ ਦੇਂਦੀਆਂ ਹਨ। ਇਸ ਤੋਂ ਬਿਨਾਂ ਕ੍ਰਿਆਤਮਕ ਅਭਿਆਸ ਲਈ ਵੀ ਬੜੀਆਂ ਸਹਾਇਕ ਸਿੱਧ ਹੋ ਸਕਦੀਆਂ ਹਨ। ਸ਼ੋਕ ਦੀ ਗਲ ਹੈ ਕਿ ਇਨ੍ਹਾਂ ਪੁਸਤਕਾਂ ਤੋਂ ਬਹੁਤ ਘੱਟ ਗੁਰਬਾਣੀ ਦੇ ਕੀਰਤਨਕਾਰ ਅਤੇ ਰਾਗੀ ਸਾਹਿਬਾਨ ਲਾਭ ਉਠਾ ਰਹੇ ਹਨ। ਭਾਈ ਦੇਵਿੰਦਰ ਸਿੰਘ ਸ਼ਾਸਤਰੀ ਅਤੇ ਗੁਰਮਤਿ ਦੀ ਸਥਾਪਤ ਮਰਿਆਦਾ ਅਨੁਸਾਰੀ ਕੀਰਤਨ ਕਰਨ ਵਾਲਿਆਂ ਨੂੰ ਬੜੀ ਮਹੱਤਤਾ ਦੇਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਇਸ ਸਮੇਂ ਪੁਰਾਣੇ ਤਰੀਕੇ ਦੇ ਕੀਰਤਨ ਕਰਨ ਵਾਲੇ ਕੇਵਲ ਦੋ-ਚਾਰ ਹੀ ਰਾਗੀ ਸੱਜਣ ਹਨ, ਜਿਨ੍ਹਾਂ ਵਿੱਚੋਂ ਭਾਈ ਦਿਲਬਾਗ ਸਿੰਘ ਅਤੇ ਗੁਲਬਾਗ ਸਿੰਘ, ਭਾਈ ਅਮਰਜੀਤ ਸਿੰਘ ਤਾਨ ਭਾਈ ਅਮਰੀਕ ਸਿੰਘ ਜਖ਼ਮੀ ਅਤੇ ਭਾਈ ਦਇਆ ਸਿੰਘ ਪਟਨੇ ਵਾਲੇ ਹੁਣ ਵੀ ਰਾਗ ਸੰਗੀਤ ਦੀ ਕੀਰਤਨ ਵਿੱਚ ਮਹੱਤਤਾ ਨੂੰ ਕਾਇਮ ਰੱਖ ਰਹੇ ਹਨ।

ਗੁਰਬਾਣੀ ਦੇ ਕੀਰਤਨ ਦੀ ਸਥਾਪਤ ਗੁਰਮਤਿ ਮਰਿਆਦਾ ਬਾਰੇ ਵੀ ਉਨ੍ਹਾਂ ਦੇ ਵਿਚਾਰ ਬੜੇ ਸਪਸ਼ਟ ਅਤੇ ਵਡਮੁੱਲੇ ਹਨ। ਸਭ ਤੋਂ ਪਹਿਲਾਂ ਰਾਗੀ ਜਨ ਜਨ ਕੀਰਤਨਕਾਰ ਡੰਡਾਉਤ ਬੰਦਨਾਂ ਦੇ ਸ਼ਬਦਾਂ ਦਾ ਅਲਾਪ ਕਰਦੇ ਹਨ ਅਤੇ ਉਨ੍ਹਾਂ ਦਾ ਸਵਰ ਇਨ੍ਹਾਂ ਮਧੁਰ ਅਤੇ ਆਕਰਸ਼ਕ ਹੁੰਦਾ ਹੈ ਕਿ ਉਹ ਆਪਣੇ ਸਵਰ ਦੀ ਪਕਿਆਈ ਅਤੇ ਸ਼ੁੱਧਤਾ ਕਾਰਣ ਸ੍ਰੋਤਿਆਂ ਨੂੰ ਕੀਲ ਕੇ ਵਿਸਮਾਦ ਦੇ ਮੰਡਲ ਵਿੱਚ ਲੈ ਜਾਂਦੇ ਹਨ। ਬੰਦਨਾ ਉਪਰੰਤ ਪੁਰਾਣੇ ਰਾਗੀ ਰਾਗ ਵਿੱਚ ਸ਼ਬਦ ਦਾ ਗਾਇਨ ਕਰਦੇ ਹੁੰਦੇ ਸਨ, ਜਿਸ ਵਿੱਚ ਚੌਤਾਲ, ਜਾਂ ਆੜਾ ਚੌਤਾਲ ਜਾਂ ਸੂਲਫ਼ਾਖਤ (ਢਾਈਤਾਲ) ਜਾਂ ਧਮਾਰ ਤਾਲਾਂ ਵਿੱਚ ਸ਼ਬਦਾਂ ਦਾ ਗਾਇਨ ਕਰਦੇ ਸਨ। ਇਸ ਤੋਂ ਪਿੱਛੋਂ ਤੀਸਰਾ ਸ਼ਬਦ 'ਕਹਿਰਵਾ' ਜਾਂ ਤਿੰਨ ਤਾਲ ਵਿੱਚ ਹੁੰਦਾ ਸੀ। ਇਹ ਤਾਲ ਕੀਰਤਨ ਦੀ ਸਮਾਪਤੀ ਤੱਕ ਚਲਦੇ ਸਨ। ਕੀਰਤਨ ਦੀ ਸਮਾਪਤੀ ਪਉੜੀ ਦੇ ਗਾਇਦ ਦੁਆਰਾ ਕੀਤੀ ਜਾਂਦੀ ਸੀ।

ਪਰ ਵਰਤਮਾਨ ਕਾਲ ਵਿੱਚ ਗੁਰੂ ਕੀਰਤਨ ਦੀਆਂ ਇਹ ਸਭ ਵਿਸ਼ੇਸ਼ਤਾਵਾਂ ਦੁਰਲਭ ਹੋ ਗਈਆਂ ਹਨ। ਇਸ ਦਾ ਕਾਰਣ ਇਹ ਹੈ ਕਿ ਅੱਜਕੱਲ੍ਹ ਦੇ ਨਵ-ਸਿਖਿਅਤ ਕੀਰਤਨਕਾਰ ਤਬਲੇ ਦੀ ਸਿੱਖਿਆ ਨਹੀਂ ਲੈਂਦੇ ਅਤੇ ਕਿਸੇ ਨਿਪੁੰਨ ਗੁਰੂਜਨ ਕੋਲੋਂ ਸ਼ਾਸਤਰੀ ਸੰਗੀਤ ਦਾ ਬੋਧ ਵੀ ਪ੍ਰਾਪਤੀ ਨਹੀਂ ਕਰਦੇ। ਉਨ੍ਹਾਂ ਦੀ ਹਾਲਤ ਬੜੀ ਤਰਸਯੋਗ ਪ੍ਰਤੀਤ ਹੁੰਦੀ ਹੈ ਅੱਜ ਕੱਲ ਦੀ ਗੁਰੂ ਸੰਗਤ ਵੀ ਕੀਰਤਨ ਦੀਆਂ ਬਾਰੀਕੀਆਂ ਨੂੰ ਸਮਝਣ ਤੋਂ ਅਸਮਰਥ ਹੈ ਅਤੇ ਉਨ੍ਹਾਂ ਵਿੱਚ ਵੀ ਉਸ ਉਚੇਰੇ ਸੁਹਜ ਸੁਆਦ ਦਾ ਆਭਾਵ ਹੈ, ਜੋ ਪੁਰਾਤਨ ਸਿੱਖ ਸੰਗਤਾਂ ਵਿੱਚ ਹੁੰਦਾ ਸੀ। ਉਹ ਵੀ (Boy-feeding) ਚਾਹੁੰਦੀ ਹੈ ਕਿ ਰਾਗੀ ਸਿੰਘ ਸੁਖੈਣ ਤਰਜ਼ਾ ਵਿੱਚ ਕੀਰਤਨ ਕਰਨ ਅਤੇ ਸੰਗਤ ਵੀ ਨਾਲ ਨਾਲ ਗਾਈ ਜਾਵੇ। ਇਸ ਲਈ ਭਾਈ ਦੇਵਿੰਦਰ ਸਿੰਘ ਦਾ ਵਿਚਾਰ ਹੈ ਕਿ ਜਿਥੇ ਸਾਨੂੰ ਗੁਰਬਾਣੀ ਦੇ ਕੀਰਤਨਕਾਰਾਂ ਦੇ ਪੱਧਰ ਨੂੰ ਉਚਾ ਕਰਨ ਲਈ ਉਨਾਂ ਨੂੰ ਰਾਗ ਸੰਗੀਤ ਦਾ ਸ਼ਾਸਤਰੀ ਬੋਧ ਕਰਾਉਣਾ ਪਵੇਗਾ ਅਤੇ ਅਭਿਆਸ ਦੁਆਰਾ ਸਵਰ ਸਾਧਨਾ ਕਰਾਉਣੀ ਹੋਵੇਗੀ, ਉੱਥੇ ਨਾਲ ਹੀ ਗੁਰੂ ਸੰਗਤ ਦੇ ਸੁਹਜ ਸੁਆਦ ਨੂੰ ਵੀ ਬਦਲਣਾ ਹੋਵੇਗਾ ਅਤੇ ਉਸ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨੀ ਹੋਵੇਗੀ ਤਾਂ ਜੋ ਉਹ ਉਚੇਰੇ ਕੀਰਤਨ ਦੇ ਰਸ ਸੁਆਦ ਨੂੰ ਮਾਣ ਸਕਣ। ਅੱਜ ਕੱਲ ਦੀ ਸਥਿਤੀ ਬਾਰੇ ਤਾਂ ਉਹ ਇਹ ਕਹਿੰਦੇ ਹਨ ਕਿ ਜੇ ਗੁਰੂ ਦੀ ਸੰਗਤ ਵਿੱਚ ਪੰਡਿਤ ਰਵੀ ਸ਼ੰਕਰ, ਉਸਤਾਦ ਬਿਸਮਿਲਾ ਖਾਂ, ਉਸਤਾਦ ਗ਼ੁਲਾਮ ਅਲੀ ਆਦਿ ਵਰਗੇ ਮਹਾਨ ਕਲਾਕਾਰਾਂ ਨੂੰ ਪੇਸ਼ ਕਰ ਦਿੱਤਾ ਜਾਵੇ ਤਾਂ ਸੰਗਤਾਂ ਉਨ੍ਹਾਂ ਨੂੰ ਪੰਜ ਮਿੰਟ ਵੀ ਸ੍ਰਵਣ ਨਹੀਂ ਕਰ ਸਕਣਗੀਆਂ। ਪਰ ਭਾਈ ਦੇਵਿੰਦਰ ਸਿੰਘ ਦਾ ਵਿਚਾਰ ਹੈ ਕਿ ਜੋ ਭਾਈ ਚਾਂਦ, ਭਾਈ ਸਮੁੰਦ ਸਿੰਘ, ਭਾਈ ਗੁਰਮੁਖ ਸਿੰਘ, ਸੁਰਮੁਖ ਸਿੰਘ ਵਰਗੇ ਮਹਾਨ ਕੀਰਤਨਕਾਰ ਕੀਰਤਨ ਕਰ ਰਹੇ ਹੋਣ ਤਾਂ ਉਹ ਘੰਟਿਆਂ ਬਧੀ ਉਨ੍ਹਾਂ ਦੇ ਕੀਰਤਨ ਦੇ ਆਨੰਦ ਵਿੱਚ ਮਗਨ ਬੈਠੇ ਰਹਿਣਗੇ। ਇਹ ਕੀਰਤਨਕਾਰਾਂ ਨੂੰ ਹੀ ਗੌਰਵ ਪ੍ਰਾਪਤ ਸੀ ਕਿ ਆਪਣੀ ਸਾਧਨਾ ਕਲਾ ਗੁਰਬਾਣੀ ਦੇ ਅਥਾਹ ਗਿਆਨ, ਪ੍ਰੇਮ ਅਤੇ ਸ਼ਰਧਾ ਵਿੱਚ ਲੀਨ

ਦੇਵਿੰਦਰ ਸਿੰਘ ਜੀ ਨੂੰ ਸੁਣ ਕੇ ਆ ਜਾਂਦਾ ਹੈ।" ਇਹ ਲੋਕ, ਸੁਰ-ਸੁਆਦ ਤੇ ਬਰੀਕੀ ਨੂੰ ਪਿਆਰ ਕਰਦੇ ਹਨ ਅਤੇ ਇਹ ਚੀਜ਼ਾਂ ਬਿਨਾ ਸਿੱਖਿਆ ਹਾਸਲ ਨਹੀਂ ਹੋ ਸਕਦੀਆਂ।"

**ਪੁਸਤਕ - ਪੰਜਾਬ ਦਾ ਸਮਕਾਲੀ ਸੰਗੀਤ ਵਿੱਚੋਂ**


**ਜ਼ਰੂਰੀ ਬੇਨਤੀ**

ਮੈਗਜ਼ੀਨ ਮਿਲਣ ਤੇ ਸੂਚਨਾ ਜ਼ਰੂਰ ਦਿਓ ਜੀ ।

ਸੰਪਾਦਕ ਮੋਬਾਇਲ 98556-40630

**ਜ਼ਰੂਰੀ ਬੇਨਤੀ**

ਜੇ ਤੁਹਾਨੂੰ 'ਅਮ੍ਰਿਤ ਕੀਰਤਨ' ਮੈਗਜ਼ੀਨ ਨਹੀਂ ਚਾਹੀਦਾ ਤਾਂ ਸਾਨੂੰ ਮੋਬਾਇਲ ਨੰ: 9855640630 ਤੇ ਸੂਚਿਤ ਕਰੋ ਜੀ ।

# ਬੋਦਲਾਂ ਦਾ ਰਬਾਬੀ ਘਰਾਣਾ ਪ੍ਰੀਚਾਤਮਕ ਅਧਿਐਨ

**ਡਾ. ਮਲਕੀਤ ਸਿੰਘ ਜੰਡਿਆਲਾ**
**ਐਡਵੋਕੇਟ**

ਗੁਰਮਤਿ ਸੰਗੀਤ ਸ਼ੈਲੀ ਦੀ ਪ੍ਰਾਚੀਨ ਪਰੰਪਰਾ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ 'ਬੋਦਲ' ਘਰਾਣੇ ਦਾ ਆਪਣੇ ਆਪ ਵਿਚ ਇਕ ਅਲੱਗ ਹੀ ਵਿਸ਼ੇਸ਼ ਮਹੱਤਵ ਹੈ। ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ 'ਬਾਣੀ' ਅਤੇ 'ਰਾਗ' ਦੇ ਸੁਮੇਲ ਦਾ ਦੁਨੀਆ ਵਿਚ ਅਦਭੁੱਤ ਅਤੇ ਵਿਸ਼ੇਸ਼ ਸੰਗੀਤਿਕ ਗ੍ਰੰਥ ਹੈ ਜਿਥੇ ਗੁਰਮਤਿ ਸੰਗੀਤ ਦੀ ਵਿਲਖਣ ਕੀਰਤਨ ਪਰੰਪਰਾ ਨੂੰ ਸੰਭਾਲਣ ਦਾ 'ਟਕਸਾਲਾਂ' ਦਾ ਬਹੁਤ ਹੀ ਯੋਗਦਾਨ ਰਿਹਾ ਹੈ ਉੱਥੇ ਹੀ ਵਿਸ਼ੇਸ਼ ਤੋਰ ਤੇ ਗੁਰਮਤਿ ਸੰਗੀਤ ਦੇ ਘਰਾਣਿਆਂ ਦਾ ਵੀ ਇੱਕ ਵਿਸ਼ੇਸ ਮਹੱਤਵ ਅਤੇ ਯੋਗਦਾਨ ਹੈ। Dr.Avan Amisgi ਦੇ ਕੱਥਨ ਅਨੁਸਾਰ ਕਿਸੇ ਵਿਸ਼ੇਸ਼ ਜਗ੍ਹਾ ਤੇ ਪ੍ਰਚਲਿਤ ਜਾਂ ਫਿਰ ਕਿਸੇ ਵਿਅਕਤੀ ਵਿਸ਼ੇਸ਼ ਦੀ ਗਾਇਨ ਸ਼ੈਲੀ ਨਾਲ ਘਰਾਣੇ ਦੀ ਹੋਂਦ ਬਣਦੀ ਹੈ। ਕੋਈ ਵੀ ਅਸਾਧਾਰਣ, ਪ੍ਰਭਾਵਸ਼ਾਲੀ ਅਤੇ ਕੁਝ ਵਿਸ਼ੇਸ਼ ਦਿਖਾਉਣ ਦੀ ਸਮੱਰਥਾ ਰੱਖਣ ਵਾਲਾ ਵਿਅਕਤੀ ਜਦੋਂ ਅਪਣੀ ਪਰੰਪਰਾਗਤ ਕਾਰਜਾਂ ਨਾਲ ਭਾਵਵਾਚਕ ਕਿਸੇ ਅਲਗ ਦ੍ਰਿਸ਼ਟੀਕੋਣ ਨਾਲ ਇੱਕਲਾ ਹੀ ਬਾਅਦ ਵਿੱਚ ਕੁੱਝ ਵੱਖਰੇ ਨਿਯਮਾਂ ਅਤੇ ਸਿਧਾਂਤਾਂ ਨਾਲ ਇਕ ਵਿਸ਼ੇਸ਼ ਘਰਾਣੇ ਨੂੰ ਜਨਮ ਦਿੰਦਾ ਹੈ। ਤੰਤੀ ਸਾਜ ਰਬਾਬ ਦਾ ਗੁਰਮਤਿ ਸੰਗੀਤ ਵਿੱਚ ਇਕ ਬਹੁਤ ਹੀ ਮਹੱਤਵਪੂਰਨ ਅਤੇ ਵਿਸ਼ੇਸ਼ ਸਥਾਨ ਹੈ। ਰਬਾਬ ਗੁਰਮਤਿ ਸੰਗੀਤ ਦਾ ਪਹਿਲਾ ਤੰਤੀ ਸਾਜ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਰਬਾਬੀ ਦੇ ਰਾਹੀਂ ਕੁੱਲ 19 ਰਾਗਾਂ ਵਿੱਚ ਇਲਾਹੀ ਬਾਣੀ ਦਾ ਉਚਾਰਨ ਕੀਤਾ ਅਤੇ ਭਾਈ ਮਰਦਾਨਾ ਜੀ 'ਰਬਾਬੀ ਭਾਈ ਮਰਦਾਨਾ' ਦੀ ਉਪਾਧੀ ਹਾਸਿਲ ਕਰਦੇ ਹੋਏ, ਉਹ ਸਿੱਖ ਧਰਮ ਵਿਚ ਪਹਿਲੇ ਭਾਈ ਰਾਗੀ ਕੀਰਤਨੀਏ ਵੱਜੋ ਮੰਨੇ ਗਏ।

ਬੋਦਲ ਘਰਾਣੇ ਦਾ ਪਿਛੋਕੜ ਇਹ ਹੈ ਕਿ ਇਸ ਘਰਾਣੇ ਦੇ ਰਬਾਬੀ ਭਾਈ ਮਰਦਾਨਾ ਜੀ ਦੀ ਕੁੱਲ ਅਤੇ ਸੰਪਰਦਾ ਨਾਲ ਸਿੱਧੇ ਤੋਰ ਤੇ ਸੰਬੰਧ ਰੱਖਦੇ ਹਨ ਅਤੇ ਸਿੰਘ ਸਭਾ ਲਹਿਰ ਤੱਕ ਕੀਰਤਨ ਕਰਨ ਦਾ ਕੰਮ ਰਬਾਬੀ ਹੀ ਕਰਦੇ ਸਨ। ਰਬਾਬੀ ਦੁਨੀਆਦਾਰੀ ਵਿਚ ਨਿਪੁੰਨ ਨਹੀਂ ਸਨ ਉਹ ਕੇਵਲ ਕੀਰਤਨ ਵਿਚ ਨਿਪੁੰਨ ਸਨ। ਉਹਨਾਂ ਨੇ ਪੀੜ੍ਹੀ ਦਰ ਪੀੜ੍ਹੀ ਆਪਣਾ ਜੀਵਨ ਸੰਗੀਤ ਕਲਾ ਨੂੰ ਸਮਰਪਿਤ ਕੀਤਾ ਹੋਇਆ ਸੀ। ਭਾਈ ਅਰਦਮਨ ਸਿੰਘ ਬਾਗੜੀਆ ਦੇ ਸ਼ਬਦਾਂ ਵਿੱਚ ''ਉਹ (ਰਬਾਬੀ) ਸੰਗੀਤ ਕਲਾਕਾਰੀ ਅਤੇ ਗੁਰਮਤਿ ਦੇ ਕੀਰਤਨ ਵਿਚ ਨਿਪੁੰਨ ਸਨ ਅਤੇ ਉੱਚ ਕੋਟੀ ਦੇ ਮਾਹਿਰ ਸਨ, ਪਰ ਉਹ ਸ਼ਰਧਾ, ਪ੍ਰੇਮ ਅਤੇ ਸਿਦਕ ਭਾਵਨਾ ਵਿੱਚ ਵੀ ਅੱਜ ਕਲ ਦੇ ਕਈ ਟਕੇ-ਬਟੋਰੂ ਕੀਰਤਨ ਫਰੋਸ਼ ਅਤੇ ਸੰਗੀਤ ਕਲਾ ਤੋਂ ਕੋਰੇ ਰਾਗੀ ਸਿੰਘਾ ਨਾਲੋ ਕਿਤੇ ਸੁਘੜ ਸਨ।''

ਇਹ ਵੀ ਮੰਨਿਆ ਜਾਂਦਾ ਹੈ ਕਿ ਪੁਰਾਣੇ ਸਮਿਆ ਵਿਚ ਕੋਈ ਵੀ ਖਾਸ ਖਬਰ ਇਕ ਕੰਨ ਤੋਂ ਦੂਸਰੇ ਕੰਨ ਰਾਹੀਂ ਹਫਤੇ ਵਿਚ ਹੀ 500 ਕਿਲੋ ਮੀਟਰ ਦੂਰ ਤੱਕ ਪਹੁੰਚ ਜਾਂਦੀ ਸੀ। ਜਿਸ ਵਿਚ ਡਾਕ ਚੋਕੀਆਂ ਤੇ ਘੋੜ ਦੋੜਾਕ ਹੁੰਦੇ ਸਨ, ਪਰ ਦੁਨੀਆ ਦੇ ਇਸ ਹਿੱਸੇ ਵਿੱਚ ਲੋਕ ਆਪਣੇ ਸੁਨੇਹੇ ਪਤੇ ਖੁਦ ਆਜ਼ਾਦਾਨਾਂ ਤਰੀਕੇ ਨਾਲ ਪਹੁੰਚਾਉਂਦੇ ਸਨ। ਨਿੱਜੀ ਸੁਨੇਹਿਆਂ ਜਾਂ ਡਾਕ ਲਈ ਮਰਾਸੀ ਹੀ ਕੰਮ ਸਾਰਦਾ ਸੀ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤ, ਵਰਣ, ਧਰਮ, ਉੱਚ-ਨੀਚ ਨੂੰ ਦਰ ਕਿਨਾਰ ਕੀਤਾ ਅਤੇ ਭਾਈ ਮਰਦਾਨਾ ਦੀ ਰਬਾਬ ਦੀ ਸੰਗਤੀ ਨਾਲ ਇਲਾਹੀ ਬਾਣੀ ਦਾ ਇਲਾਹੀ ਸੰਦੇਸ਼ ਘਰ-ਘਰ, ਮੁਹੱਲਾ-ਮੁਹੱਲਾ, ਪਿੰਡ-ਪਿੰਡ, ਸ਼ਹਿਰ-ਸ਼ਹਿਰ ਅਤੇ ਵਿਦੇਸ਼ਾਂ ਤੱਕ ਪਹੁੰਚਾਇਆ।

ਇਸੇ ਤਰ੍ਹਾਂ ''ਗੁਰਮਤਿ ਸੰਗੀਤ ਦੀ ਗੁਰੂ ਕਾਲ ਤੋਂ ਚਲੀ ਆ ਰਹੀ ਮਰਿਆਦਿਤ ਪਰੰਪਰਾ ਵਿਚ ਭਾਈ ਸਧਾਰਨ ਸਿੰਘ ਜੀ, ਗੋਇੰਦਵਾਲ ਸਾਹਿਬ, ਫਤਿਹਾਬਾਦ (1504-1598), ਰਬਾਬੀ ਭਾਈ ਬਾਬਕ ਜੀ ਗੁਰੂ ਹਰਗੋਬਿੰਦ ਸਾਹਿਬ ਜੀ ਸਮੇਂ ਹਜ਼ੂਰੀ ਕੀਰਤਨੀਏ (1597-1639), ਰਬਾਬੀ ਭਾਈ ਲਾਲ ਜੀ ਦੀ ਹਜ਼ੂਰੀ ਰਾਗੀ ਦਰਬਾਰ ਸਾਹਿਬ, 'ਰਬਾਬੀ ਭਾਈ ਲਾਲ ਜੀ' (ਆਸ਼ਿਕ ਅਲੀ 1929-2012), ਭਾਈ ਲਾਲ ਮੁਹੰਮਦ ਅੰਮ੍ਰਿਤਸਰੀ (1887-1962), ਭਾਈ ਸੱਤਾ ਜੀ ਤੇ ਬਲਵੱਡ ਜੀ, ਭਾਈ ਅਬਦੁੱਲਾ ਜੀ ਤੇ ਨੱਥਾ ਮ੍ਹਲ ਜੀ, ਭਾਈ ਸ੍ਰ. ਜੱਸਾ ਸਿੰਘ ਆਹਲੂਵਾਲੀਆ (1718-1783), ਰਾਗੀ ਭਾਈ ਮਨਸਾ ਸਿੰਘ (1750-1835), ਭਾਈ ਸ਼ਾਮ ਸਿੰਘ ਜੀ (1803-1926), ਰਾਗੀ ਭਾਈ ਹੀਰਾ ਸਿੰਘ ਜੀ (1879-1926) ਅਤੇ ਰਾਗੀ ਮੁਹੱਮਦ ਮਸਕੀਨ ਜੀ, ਰਾਗੀ ਭਾਈ ਸੁਰਜਨ ਸਿੰਘ ਜੀ (1911-1965), ਰਾਗੀ ਭਾਈ ਸੰਤਾ ਸਿੰਘ ਜੀ (1904-1966), ਰਾਗੀ ਭਾਈ ਸਮੁੰਦ ਸਿੰਘ ਜੀ (1990-1972), ਭਾਈ ਤਾਬਾ ਜੀ (1855-1965), ਰਾਗੀ ਭਾਈ ਗੋਪਾਲ ਸਿੰਘ ਜੀ (1914-1972) ਅਤੇ ਹੋਰ ਰਬਾਬੀ ਕੀਰਤਨਕਾਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ:

ਬੋਦਲ ਘਰਾਣੇ ਦੀ ਸਥਾਪਨਾ 1677 ਈ: ਨੂੰ ਜਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਦਸੂਹਾ ਨਾਲ ਲਗਦੇ ਪਿੰਡ ਬੋਦਲ ਵਿਚ ਹੋਈ। ਬੋਦਲ ਘਰਾਣੇ ਦਾ ਆਪਣਾ ਇੱਕ ਵੱਖਰਾ ਹੀ ਵਿਸ਼ੇਸ਼ ਇਤਿਹਾਸ ਹੈ। ਸਿੱਖ ਧਰਮ ਦੇ ਇਤਿਹਾਸ ਵਿਚ ਇਹ ਜ਼ਿਕਰ ਹੈ ਕਿ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਸਿੱਖ ਧਰਮ ਦੇ ਛੇਵੇਂ ਗੁਰੂ ਸਾਹਿਬਾਨ ਸ਼ਿਕਾਰ ਖੇਡਦੇ ਹੋਏ ਕਿਸੇ ਇਕ ਸੰਘਣੇ ਜੰਗਲ ਰਾਹੀਂ ਜਾ ਰਹੇ ਸਨ ਅਤੇ ਉਸ ਸੰਘਣੇ ਜੰਗਲ ਦੇ ਸ਼ਾਂਤਮਈ ਵਾਤਾਵਰਣ ਵਿਚ ਗੁਰੂ ਜੀ ਨੇ ਇਲਾਹੀ ਅਲਾਪ ਦੀ ਆਵਾਜ ਸੁਣੀ। ਇਹ ਵੀ ਇਤਿਹਾਸ ਵਿੱਚ ਵਰਣਨ ਹੈ ਕਿ ਇਹ ਅਲਾਪ ਪਿੰਡ ਬੋਦਲ ਦਾ ਇਕ ਮਰਾਸੀ ਚੂਹੜ ਅਕਸਰ ਹੀ ਜੰਗਲ ਦੇ ਇਕਾਂਤ ਅਤੇ ਸ਼ਾਂਤ ਵਾਤਾਵਰਣ ਵਿੱਚ ਬੈਠ ਕੇ ਰਾਗਾਂ ਦਾ ਰਿਆਜ਼ ਕਰਦਾ ਹੋਇਆ ਬਹੁਤ ਹੀ ਉੱਚੀ ਆਵਾਜ਼ ਵਿੱਚ ਤਾਰ ਸਪਤਕ ਵਿਚ ਅਲਾਪ ਕਰਦਾ ਸੀ। ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਰਾਸੀ ਚੂਹੜ ਦਾ ਅਲਾਪ ਸੁਣ ਕੇ ਘੋੜੇ ਦੀ ਲਗ੍ਹਾਮ ਖਿੱਚੀ ਤਾਂ ਘੋੜੇ ਦੇ ਖੁਰ ਵਿੱਚ ਇੱਕ ਤਿੱਖਾ ਸੁੱਕਾ ਸੂਲ ਲੱਗ ਗਿਆ। ਇੱਥੇ ਇਹ ਵਰਨਣ ਵੀ ਕਰਨਾ ਜ਼ਰੂਰੀ ਹੈ ਕਿ ਇਸ ਅਸਥਾਨ ਤੇ ਪਿੰਡ ਬੋਦਲ ਵਿਖੇ ਅੱਜ ਵੀ 'ਪੰਜ ਪਿਆਲੇ ਪੰਜ ਪੀਰ'(ਗੁਰਦੁਆਰਾ ਸ਼੍ਰੀ ਗੁਰਨਾ ਸਾਹਿਬ ਪਾ: ਛੇਵੀਂ ਛਠਮ ਪੀਰ ਬੈਠਾ ਗੁਰਭਾਰੀ) ਦੇ ਨਾਮ ਨਾਲ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ ਅਤੇ ਇਸ ਗੁਰਦੁਆਰਾ ਸਾਹਿਬ ਵਿਖੇ ਭਾਈ ਚੂਹੜ ਸਿੰਘ ਜੀ 'ਬੋਦਲ' ਜੋ ਕਿ ਮੁਸਲਮਾਨ ਸਨ ਪਰ ਰਬਾਬ ਨਾਲ 'ਬਾਣੀ' ਅਤੇ 'ਰਾਗ' ਦਾ ਸ਼ੁੱਧ ਗਾਇਨ ਕਰਦੇ ਸਨ। ਭਾਈ ਚੂਹੜ ਜੀ ਨੇ ਸੰਮਤ 1677 ਵਿਚ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੋ ਕਰਤਾਰਪੁਰ ਤੋਂ ਪਿੰਡ ਬੋਦਲ ਪਹੁੰਚੇ ਸਨ ਅਤੇ ਗੁਰੂ ਸਾਹਿਬਾਨ ਜੀ ਦਰੱਖਤ ਹੇਠ ਬਿਰਾਜਮਾਨ ਹੋ ਕੇ ਭਾਈ ਚੂਹੜ ਰਬਾਬੀ ਕੀਰਤਨਕਾਰ ਤੋਂ ਕੀਰਤਨ ਸਰਵਣ ਕੀਤਾ ਅਤੇ ਗੁਰੂ ਸਾਹਿਬਾਨ ਨੇ ਭਾਈ ਚੂਹੜ ਜੀ ਦੇ ਕੀਰਤਨ ਤੋਂ ਖੁਸ਼ ਹੋ ਕੇ ਇਕ ਰਬਾਬ ਭੇਂਟ ਕੀਤੀ। ਰਬਾਬੀ ਭਾਈ ਚੂਹੜ ਸਿੰਘ ਜੀ ਗੁਰੂ ਕ੍ਰਿਪਾ ਸਦਕੇ ਗੁਰਬਾਣੀ ਦੇ ਕੀਰਤਨ ਵਿਚ ਲੀਨ੍ਹ ਹੋ ਗਏ ਇਹ ਵੀ ਵਰਣਨ ਮਿਲਦਾ ਹੈ ਕਿ ਗੁਰੂ ਜੀ ਨੇ ਭਾਈ ਚੂਹੜ ਜੀ ਦੇ ਘਰ ਜਾ ਕੇ ਪ੍ਰਸ਼ਾਦਾ ਛੱਕਿਆ, ਉਸਦੇ ਮੁਖੋਂ ਰਬਾਬ ਨਾਲ ਕੀਰਤਨ ਸੁਣ ਕੇ ਭਾਈ ਚੂਹੜ ਜੀ ਨੂੰ ਅਨੇਕਾਂ ਵਰ੍ਹ ਦਿੱਤੇ ਅਤੇ ਗੁਰੂ ਜੀ ਨੇ ਜਾਂਦੇ ਹੋਏ ਕਿਹਾ ਭਾਈ ਚੂਹੜ ਤੇਰੀ ਪੀੜ੍ਹੀ ਤੇਰੇ ਵਾਂਗ ਹੀ ਰਬਾਬੀ ਪਰੰਪਰਾ ਦਾ ਕੀਰਤਨ ਕਰਦੀ ਰਹੇਗੀ ਅਤੇ ਉਹਨਾਂ ਦੇ ਵਿਚ ਘੋੜਿਆਂ ਵਰਗੀ ਤੇਜੀ ਹੋਵੇਗੀ। ਪਿੰਡ ਬੋਦਲ ਵਿਚ ਅੱਜ ਵੀ 80% ਮੁਸਲਿਮ ਆਬਾਦੀ ਹੈ ਪਰ ਭਾਈ ਚੂਹੜ ਸਿੰਘ ਜੀ ਦੇ ਪਰਿਵਾਰ ਵਿਚੋਂ ਕੁਝ ਨੇ ਸਿਖੀ ਧਾਰਣ ਕਰ ਲਈ ਅਤੇ ਅੱਜ ਵੀ ਗੁਰਮਤਿ ਸੰਗੀਤ ਦਾ ਦੇਸ਼ ਅਤੇ ਵਿਦੇਸ਼ਾਂ ਵਿਚ ਪ੍ਰਚਾਰ ਕਰ ਰਹੇ ਹਨ।

ਬੋਦਲ ਘਰਾਣੇ ਪੀੜ੍ਹੀ ਦਰ ਪੀੜ੍ਹੀ ਅਤੇ ਸੀਨਾਂ-ਬ-ਸੀਨਾਂ ਪਰੰਪਰਾ ਹੇਠ ਰਬਾਬੀ ਕੀਰਤਨ ਗਾਇਨ ਸ਼ੈਲੀ ਦਾ ਵਿਕਾਸ ਅਤੇ ਪ੍ਰਸਾਰ ਚਲਦਾ ਰਿਹਾ ਅਤੇ ਭਾਈ ਚੂਹੜ ਸਿੰਘ ਜੀ ਦਾ ਪਰਿਵਾਰ ਵੱਧਦਾ-ਫੂਲਦਾ ਗਿਆ। ਭਾਈ ਚੂਹੜ ਸਿੰਘ ਜੀ ਤੋਂ ਬਾਅਦ ਭਾਈ ਜੀਵਾ ਜੀ ਅਤੇ ਭਾਈ ਖੀਵਾ ਜੀ ਨੇ ਜੋ ਕਿ ਪ੍ਰਸਿੱਧ ਰਬਾਬੀ ਕੀਰਤਨਕਾਰ ਸਨ ਅਤੇ ਇਸ ਰਬਾਬੀ ਕੀਰਤਨ ਪਰੰਪਰਾ ਨੂੰ ਸੰਭਾਲਦੇ ਹੋਏ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਪ੍ਰਚਾਰ ਅਤੇ ਪ੍ਰਸਾਰ ਕੀਤਾ। ਭਾਈ ਦਿੱਤਾ ਸ਼ਾਹ ਇਸੇ ਪੀੜ੍ਹੀ ਵਿਚੋਂ ਪੈਦਾ ਹੋਏ ਅਤੇ ਉਹਨਾਂ ਦੇ ਘਰ ਦੋ ਪੁੱਤਰ ਬੋਦਲ ਘਰਾਣੇ ਦੇ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ ਜਿਹਨਾਂ ਨੇ ਭਾਈ ਦਿੱਤਾ ਸ਼ਾਹ ਦੀ ਆਗਿਆ ਮਨ ਕੇ ਖੰਡੇ ਦੀ ਪਾਹੁਲ ਛੱਕ ਕੇ ਰਬਾਬੀ ਕੀਰਤਨ ਪਰੰਪਰਾ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਬੋਦਲ ਰਬਾਬੀ ਘਰਾਣੇ ਦੇ ਪ੍ਰਸਿੱਧ ਰਬਾਬੀ ਕੀਰਤਨੀਏ ਭਾਈ ਬੁੱਧ ਸਿੰਘ ਜੀ ਗੁਰਦੁਆਰਾ ਗੁਰਨਾ ਸਹਿਬ, ਬੋਦਲ ਵਿਖੇ ਹਜ਼ੂਰੀ ਰਾਗੀ ਦੀ ਸੇਵਾ ਕਰਦੇ ਸਨ ਅਤੇ ਭਾਈ ਬੁੱਧ ਸਿੰਘ ਜੀ ਦੇ ਘਰ ਛੇ ਪੁੱਤਰ ਹੋਏ। ਭਾਈ ਬੁੱਧ ਸਿੰਘ ਜੀ ਦੇ ਸਪੁੱਤਰ ਭਾਈ ਦਿਲਬਾਗ ਸਿੰਘ ਜੀ ਅਤੇ ਭਾਈ ਗੁਲਬਾਗ ਸਿੰਘ ਜੀ ਬਚਪਨ ਤੋਂ ਹੀ ਰਬਾਬੀ ਕੀਰਤਨ ਕਰਦੇ ਸਨ। ਸਿੱਖ ਧਰਮ ਵਿਚ ਸ਼ਾਇਦ ਭਾਈ ਦਿਲਬਾਗ ਸਿੰਘ ਜੀ ਅਤੇ ਭਾਈ ਗੁਲਬਾਗ ਸਿੰਘ ਜੀ ਪਹਿਲੇ ਰਬਾਬੀ ਕੀਰਤਨੀਏ ਸਨ ਜੋ ਆਪਣੀ ਸਟੀਕ ਅਤੇ ਬੁਲੰਦ ਆਵਾਜ਼ ਨਾਲ ਰਾਗ ਨਿਰਧਾਰਿਤ ਕੀਰਤਨ ਦੀ ਸੇਵਾ ਕਰਦੇ ਰਹੇ। ਆਪ ਵਿਧੀਬੱਧ ਗਾਇਨ ਵਿਚ ਸ਼ਾਨ, ਅਲਾਪ, ਰਾਗ ਵਿਸਤਾਰ, ਗੁਰਬਾਣੀ ਦੇ ਪਰਮਾਣ, ਠਾਅ, ਦੁਗਨ, ਚੌਗਨ, ਲੈਅਕਾਰੀ, ਸ਼ੁੱਧ ਬਾਣੀ ਉਚਾਰਨ ਅਤੇ ਦੋਨੋ ਘੋੜਿਆ ਦੀ ਤੇਜ ਰਫ਼ਤਾਰ ਵਾਂਗ ਬੋਲਤਾਨ ਅਤੇ ਜਬੜੇ ਦੀਆਂ ਤਾਨਾਂ ਦਾ ਬਾਖੂਬੀ ਗਾਇਨ ਕਰਦੇ ਸਨ।

ਭਾਈ ਦਿਲਬਾਗ ਸਿੰਘ ਅਤੇ ਭਾਈ ਗੁਲਬਾਗ ਸਿੰਘ ਜੀ ਦਾ ਤੀਸਰਾ ਭਰਾ ਭਾਈ ਇਕਬਾਲ ਸਿੰਘ ਜੋੜੀ ਦੀ

ਸੇਵਾ ਕਰਦਾ ਸੀ। ਭਾਈ ਦਿਲਬਾਗ ਸਿੰਘ ਅਤੇ ਭਾਈ ਗੁਲਬਾਗ ਸਿੰਘ ਜੀ ਪਹਿਲੇ ਕੀਰਤਨਕਾਰ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਰ ਇਕ ਰਾਗ ਦੇ ਗਾਇਨ ਵਿਚ ਮੁਹਾਰਤ ਪ੍ਰਾਪਤ ਕਰ ਲਈ ਸੀ ਅਤੇ ਰਬਾਬੀ ਕੀਰਤਨ ਪੁਰਾਤਨ ਗੁਰੂ ਕਾਲ ਤੋਂ ਚਲੀ ਆ ਰਹੀ ਸ਼ੈਲੀ ਵਿਚ ਹੀ ਕੀਰਤਨ ਕਰਦੇ ਸਨ। ਇਹਨਾਂ ਦੇ ਚੋਥੇ ਭਰਾ ਭਾਈ ਦਵਿੰਦਰ ਸਿੰਘ ਜੀ ਜੋ ਕਿ ਜਲੰਧਰ ਵਿਚ ਰਹਿੰਦੇ ਹਨ ਅਤੇ ਬਹੁਤ ਹੀ ਬੁਲੰਦ ਅਤੇ ਸੁਰੀਲੀ ਆਵਾਜ ਨਾਲ ਕੀਰਤਨ ਦੀ ਪੁਰਾਤਨ ਸ਼ੈਲੀ ਦਾ ਪ੍ਰਚਾਰ ਅਤੇ ਪ੍ਰਸਾਰ ਕਰ ਰਹੇ ਹਨ। ਪੰਜਵਾਂ ਭਰਾ ਭਾਈ ਰਜਿੰਦਰ ਸਿੰਘ ਤੇ ਉਸਦਾ ਪੁੱਤਰ ਗੁਰਪਾਲ ਸਿੰਘ ਤੇ ਛੇਵਾਂ ਭਰਾ ਜਸਵੀਰ ਸਿੰਘ ਤੇ ਉਸਦਾ ਪੁੱਤਰ ਅਮਨਿੰਦਰ ਸਿੰਘ ਰਬਾਬੀ ਕੀਰਤਨ ਸ਼ੈਲੀ ਦਾ ਪ੍ਰਚਾਰ ਅਤੇ ਪ੍ਰਸਾਰ ਕਰ ਰਹੇ ਹਨ।

ਭਾਈ ਦਿਲਬਾਗ ਸਿੰਘ ਜੀ ਦੇ ਪੁੱਤਰ ਪ੍ਰੋ. ਅਵਤਾਰ ਸਿੰਘ ਜੀ ਬਚਪਨ ਤੋਂ ਹੀ ਆਪਣੇ ਪਿਤਾ ਜੀ ਤੋਂ ਰਬਾਬੀ ਕੀਰਤਨ ਦੀ ਸਿਖਲਾਈ ਲੈ ਰਹੇ ਸਨ ਅਤੇ ਭਾਈ ਅਵਤਾਰ ਸਿੰਘ ਜੀ ਨੇ ਇਸ ਰਬਾਬੀ ਕੀਰਤਨ ਪਰੰਪਰਾ ਦਾ ਨਿਰੰਤਰ ਪ੍ਰਚਾਰ ਅਤੇ ਪ੍ਰਸਾਰ ਕੀਤਾ ਹੈ। ਭਾਈ ਅਵਤਾਰ ਸਿੰਘ ਜੀ ਨੇ ਰਬਾਬੀ ਕੀਰਤਨ ਦੇ ਨਾਲ-ਨਾਲ ਸੰਨ-1999 ਵਿੱਚ ਭਾਰਤੀ ਸ਼ਾਸਤਰੀ ਸੰਗੀਤ ਦੀ M.A. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਸੰਪੂਰਨ ਕੀਤੀ (ਲੇਖਕ ਭਾਈ ਦਿਲਬਾਗ ਸਿੰਘ ਅਤੇ ਭਾਈ ਗੁਲਬਾਗ ਸਿੰਘ ਦੇ ਪਰਿਵਾਰ ਨਾਲ ਬਹੁਤ ਹੀ ਪਿਆਰ ਭਰਿਆ ਪਰਿਵਾਰਿਕ ਸੰਬੰਧ ਸੰਨ 1999 ਤੋਂ ਰੱਖਦਾ ਆ ਰਿਹਾ ਹੈ) ਪ੍ਰੋ: ਅਵਤਾਰ ਸਿੰਘ ਬੋਦਲ ਘਰਾਣੇ ਦੇ ਪਹਿਲੇ ਵਿਦਵਾਨ ਕੀਰਤਨਕਾਰ ਹਨ ਜਿਹਨਾਂ ਨੇ ਪੰਜਾਬ ਵਿਸ਼ਵ ਵਿਦਿਆਲਿਆ ਤੋਂ ਸੰਗੀਤ ਦੀ ਡਿਗਰੀ ਹਾਸਿਲ ਕੀਤੀ ਅਤੇ ਗੁਰਮਤਿ ਸੰਗੀਤ ਦੀ ਰਬਾਬੀ ਪਰੰਪਰਾ ਦੇ ਵਿਸ਼ੇ ਤੇ Ph.D. ਕਰ ਰਹੇ ਹਨ। ਭਾਈ ਅਵਤਾਰ ਸਿੰਘ ਜੀ ਰਬਾਬੀ ਕੀਰਤਨ ਪਰੰਪਰਾ ਨੂੰ ਅੱਗੇ ਵਧਾ ਰਹੇ ਹਨ। ਭਾਈ ਦਿਲਬਾਗ ਸਿੰਘ ਅਤੇ ਭਾਈ ਗੁਲਬਾਗ ਸਿੰਘ ਅਤੇ ਉਹਨਾਂ ਦੇ ਸਪੁੱਤਰ ਭਾਈ ਅਵਤਾਰ ਸਿੰਘ ਜੀ ਨੇ ਰਬਾਬੀ ਕੀਰਤਨ ਦਾ ਦੇਸ਼ ਅਤੇ ਵਿਦੇਸ਼ਾਂ ਵਿਚ ਪ੍ਰਚਾਰ ਅਤੇ ਪ੍ਰਸਾਰ ਕੀਤਾ। ਬੋਦਲ ਘਰਾਣੇ ਵਿੱਚ ਭਾਈ ਦਿੱਤਾ ਸ਼ਾਹ ਦੇ ਛੋਟੇ ਪੁੱਤਰ ਭਾਈ ਰੱਖਾ ਸਿੰਘ ਦਾ ਵਿਆਹ ਬੀਬੀ ਕੁਰਸ਼ੇਦਾ ਨਾਲ ਹੋਇਆ ਤੇ ਕੁਰਸ਼ੇਦਾ ਦੀ ਬੜੀ ਭੈਣ ਮੁਖਤਿਆਰਾ ਦਾ ਵਿਆਹ ਭਾਈ ਬੁੱਧ ਸਿੰਘ ਜੀ ਨਾਲ ਹੋਇਆ। ਭਾਈ ਰੱਖਾ ਸਿੰਘ ਜੀ ਦੇ ਚਾਰ ਪੁੱਤਰ ਤੇ ਛੇ ਧੀਆਂ ਸਨ। ਵੱਡਾ ਪੁੱਤਰ ਪ੍ਰੋ. ਬਲਬੀਰ ਸਿੰਘ ਜੀ ਦੇ ਪੁੱਤਰ ਯਾਦਵਿੰਦਰ ਸਿੰਘ ਜੋ ਕਿ ਤਬਲੇ ਦੇ ਮਾਹਿਰ ਹਨ ਅਤੇ ਦੂਸਰਾ ਪੁੱਤਰ ਭਾਈ ਮੁਖਤਿਆਰ ਸਿੰਘ ਜੀ ਉਹਨਾਂ ਦੇ ਪੁੱਤਰ ਭਾਈ ਅਮਰਦੀਪ ਸਿੰਘ ਜੀ, ਅਕਾਸ਼ਦੀਪ ਸਿੰਘ, ਗੱਜਣ ਸਿੰਘ ਤੇ ਰਣਵੀਰ ਸਿੰਘ ਜੀ ਹਨ। ਭਾਈ ਅਮਰਦੀਪ ਸਿੰਘ ਜੀ ਜੋ ਕਿ U.S.A. ਵਿਚ ਇਸ ਸਮੇਂ ਪੁਰਾਤਨ ਰਬਾਬੀ ਕੀਰਤਨ ਸ਼ੈਲੀ ਦਾ ਪ੍ਰਚਾਰ ਅਤੇ ਪ੍ਰਸਾਰ ਕਰ ਰਹੇ ਹਨ। (ਲੇਖਕ ਸੰਨ-1989 ਤੋਂ ਬਤੌਰ ਪ੍ਰਧਾਨ ਗੁਰਮਤਿ ਸੰਗੀਤ ਸੋਸਾਇਟੀ ਚੰਡੀਗੜ੍ਹ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਪ੍ਰਚਾਰ ਅਤੇ ਪ੍ਰਸਾਰ ਲਈ ਵੱਖ-ਵੱਖ ਆਯੋਜਨ ਜਿਵੇਂ ਕਿ ਗੁਰਮਤਿ ਸੰਗੀਤ ਸੈਮੀਨਾਰ / ਰਾਗ ਆਧਾਰਿਤ ਕੀਰਤਨ ਦਰਬਾਰ/ ਆਲ ਇੰਡੀਆ ਸਰਵ ਭਾਰਤੀ ਸ਼ਬਦ ਗਾਇਨ ਮੁਕਾਬਲੇ ਆਦਿ ਦੀ ਸੇਵਾ ਕਰਦੇ ਰਹੇ ਹਨ ਅਤੇ ਭਾਈ ਅਮਰਦੀਪ ਸਿੰਘ ਜੀ ਦੇ ਸਪੁੱਤਰ ਪਰਮਦੀਪ ਸਿੰਘ ਜੀ ਨੇ ਨੋਵੇਂ ਸਰਵ ਭਾਰਤੀ ਸ਼ਬਦ ਗਾਇਨ ਮੁਕਾਬਲਾ 2021, ਗੁਰਮਤਿ ਸੰਗੀਤ ਸੋਸਾਇਟੀ ਵੱਲੋਂ ਆਯੋਜਿਤ ਵਿਚ ਪਹਿਲਾਂ ਇਨਾਮ ਗੋਲਡ ਮੈਡਲ ਹਾਸਿਲ ਕੀਤਾ) ਭਾਈ ਅਮਰਦੀਪ ਸਿੰਘ ਜੀ ਦੇ ਸਪੁੱਤਰ ਪਰਮਦੀਪ ਸਿੰਘ ਜੀ ਜੋ ਅੱਜ ਕਲ U.S.A. ਵਿਖੇ ਹਨ ਨੇ ਭਾਈ ਚੂਹੜ ਸਿੰਘ ਜੀ ਦੀ ਵਿਰਾਸਤ ਭਾਵ ਬੋਦਲ ਰਬਾਬੀ ਘਰਾਣੇ ਨੂੰ ਅੱਜ ਵੀ ਸੁਰਜੀਤ ਕਰਕੇ ਰੱਖਿਆ ਹੋਇਆ ਹੈ। ਇਸੇ ਤਰ੍ਹਾਂ ਭਾਈ ਸੁਖਦੇਵ ਸਿੰਘ ਜੀ ਦੇ ਸਪੁੱਤਰ ਭਾਈ ਸਤਨਿੰਦਰ ਸਿੰਘ ਜੀ ਅੱਜ ਵਿਸ਼ਵ ਭਰ ਵਿੱਚ ਗੁਰਮਤਿ ਸੰਗੀਤ ਰਬਾਬੀ ਪਰੰਪਰਾ ਦਾ ਪ੍ਰਚਾਰ ਅਤੇ ਪ੍ਰਸਾਰ ਕਰ ਰਹੇ ਹਨ। ਭਾਈ ਸਤਨਿੰਦਰ ਸਿੰਘ ਜੀ ਇਸ ਸਮੇਂ U.K. ਵਿਚ ਗੁਰਮਤਿ ਸੰਗੀਤ ਦੀ ਰਬਾਬੀ ਪਰੰਪਰਾ ਦੇ ਪ੍ਰਸਾਰ ਤੇ ਪ੍ਰਚਾਰ ਲਈ ਗੁਰਮਤਿ ਸੰਗੀਤ ਆਧਾਰਿਤ ਵਰਕਸ਼ਾਪ ਲਗਾ ਰਹੇ ਹਨ। ਭਾਈ ਸਤਨਿੰਦਰ ਸਿੰਘ ਜੀ ਗੁਰਮਤਿ ਸ਼ਾਸਤਰੀ ਸੰਗੀਤ ਦੀ ਮੁੱਢਲੀ ਸਿੱਖਿਆ ਉਸਤਾਦ B.S. Narang ਜੀ ਤੋਂ ਲੈ ਰਹੇ ਹਨ ਅਤੇ ਨਾਲ ਹੀ ਭਾਈ ਸਤਨਿੰਦਰ ਸਿੰਘ ਜੀ ਸੰਗੀਤ ਦੀ M.A. ਤੋਂ ਬਾਅਦ ਇਸੇ ਖੇਤਰ ਵਿਚ 'ਵਿਦਿਆ ਪੀਠ ਵਿਸ਼ਵ ਵਿਦਿਆਲਿਆ' ਤੋਂ Ph.D. ਕਰ ਰਹੇ ਹਨ। ਲੇਖਕ ਦਾ ਨਿੱਜੀ ਵਿਚਾਰ ਹੈ ਕਿ ਰਬਾਬੀ ਕੀਰਤਨੀਏ ਜੋ ਕਿ ਪੁਰਾਤਨ ਰਬਾਬੀ ਕੀਰਤਨ ਸ਼ੈਲੀ ਦਾ ਦੇਸ਼-ਵਿਦੇਸ਼ਾਂ ਵਿਚ ਪ੍ਰਚਾਰ ਕਰ ਰਹੇ ਹਨ ਪਰ ਜ਼ਮੀਨੀ ਹਕੀਕਤ ਇਹ ਹੈ ਕਿ ਅੱਜ ਵੀ ਕੋਈ ਵੀ ਸਿੱਖ ਧਰਮ

ਦੀ ਵਿਸ਼ੇਸ਼ ਨਾਮੀ ਸੰਸਥਾ ਕਿਸੇ ਵੀ ਪ੍ਰਕਾਰ ਦੀ ਮਾਲੀ ਸਹਾਇਤਾ ਕਰਨ ਤੋਂ ਗੁਰੇਜ ਹੀ ਕਰਦੀ ਹੈ ਅਤੇ ਇਹ ਦੁਖਾਂਤ ਦੀ ਗੱਲ ਹੈ ਕਿ ਰਬਾਬੀ ਪਰਿਵਾਰ ਵਿੱਚੋਂ ਜੇ ਕਿਸੇ ਮੁੱਖ ਪਰਿਵਾਰਿਕ ਮੈਂਬਰ ਅਕਾਲ ਚਲਾਣਾ ਕਰ ਜਾਂਦਾ ਹੈ ਤੇ ਉਸਦੇ ਪਰਿਵਾਰ ਤੇ ਮੁਸ਼ਕਿਲਾ ਦਾ ਪਹਾੜ ਟੁੱਟ ਪੈਂਦਾ ਹੈ। ਜਿਸਦੇ ਨਾਲ ਉਸ ਪਰਿਵਾਰ ਦੀ ਪਨੀਰੀ ਨੂੰ ਮਾਲੀ ਸਹਾਇਤਾ ਨਾ ਮਿਲਣ ਤੇ ਮਨੋਬਲ ਟੁੱਟ ਜਾਂਦਾ ਹੈ। ਸੁਝਾਅ ਹੈ ਕਿ ਨਾਮੀ ਸੰਸਥਾਵਾਂ ਵਿਚਾਰ ਕਰਨ ਅਤੇ ਦੇਸ਼ ਵਿੱਚ ਪ੍ਰਚਾਰ ਕਰ ਰਹੇ ਕੀਰਤਨੀਏ ਸਿੰਘਾਂ ਲਈ ਸਰਕਾਰ ਕੋਲ ਪ੍ਰਸਤਾਵ ਰੱਖਣ ਤਾਂ ਕਿ ਘੱਟੋ-ਘੱਟ ਮਹੀਨਾਵਾਰ ਪੈਨਸ਼ਨ ਸਕੀਮ ਰਾਹੀਂ ਮਾਲੀ ਸਹਾਇਤਾ ਲੈ ਸਕਣ ਅਤੇ ਰਬਾਬੀ ਪੁਰਾਤਨ ਕੀਰਤਨਸ਼ੈਲੀ ਦਾ ਵੱਧ ਤੋਂ ਵੱਧ ਪ੍ਰਚਾਰ ਅਤੇ ਪ੍ਰਸਾਰ ਕਰ ਸਕਣ। ਬੋਦਲ ਰਬਾਬੀ ਘਰਾਣੇ ਦਾ ਕੁੱਲ ਵੰਸ਼ (ਸਜ਼ਰਾ) ਦਾ ਵੇਰਵਾ ਇਸ ਤਰ੍ਹਾਂ ਹੈ:-

**ਭਾਈ ਚੂਹੜ (1650-1715 ਈ:)**

ਭਾਈ ਜੀਵਾ

ਭਾਈ ਖੀਵਾ

ਭਾਈ ਕਾਹੋ

ਦਿੱਤਾ ਸ਼ਾਹ ਜੀ

ਭਾਈ ਬੂਟਾ ਸਿੰਘ (1918-1996) — ਬੀਬੀ ਨੱਥੋ ਜੀ — ਭਾਈ ਰੱਖਾ ਸਿੰਘ (1920-1992)

ਭਾਈ ਦਿਲਬਾਗ ਸਿੰਘ, ਭਾਈ ਗੁਲਬਾਗ ਸਿੰਘ, ਭਾਈ ਇਕਬਾਲ ਸਿੰਘ,
ਭਾਈ ਦਵਿੰਦਰ ਸਿੰਘ, ਭਾਈ ਰਜਿੰਦਰ ਸਿੰਘ,
ਭਾਈ ਜਸਬੀਰ ਸਿੰਘ

ਪ੍ਰੋ. ਅਵਤਾਰ ਸਿੰਘ

ਪ੍ਰੋ. ਬਲਬੀਰ ਸਿੰਘ — ਭਾਈ ਮੁਖਤਿਆਰ ਸਿੰਘ (1942-2005) — ਸਤਪਾਲ ਸਿੰਘ — ਸੁਖਪਾਲ ਸਿੰਘ

ਯਾਦਵਿੰਦਰ ਸਿੰਘ — ਭਾਈ ਅਮਰਦੀਪ ਸਿੰਘ, ਭਾਈ ਅਕਾਸ਼ਦੀਪ ਸਿੰਘ, ਰਾਜਵੀਰ ਸਿੰਘ, ਰਣਵੀਰ ਸਿੰਘ — ਸਤਨਿੰਦਰ ਸਿੰਘ — ਕਰਨਵੀਰ ਸਿੰਘ

ਭਾਈ ਲਿਵਤਾਰ ਸਿੰਘ — ਭਾਈ ਹਰਬਾਗ ਸਿੰਘ

**ਮੋ: 93161-14764**

# ਪਹਿਲੇ ਇਸਤਰੀ ਕੀਰਤਨਕਾਰ – ਬੀਬੀ ਬਲਜੀਤ ਕੌਰ (ਤਲਵਾੜਾ)



**ਤੀਰਥ ਸਿੰਘ ਢਿੱਲੋਂ**

ਭਗਤੀ ਦੀਆਂ ਸਾਰੀਆਂ ਵਿਧਾਵਾਂ ਵਿੱਚੋਂ ਗੁਰੂ ਸਾਹਿਬਾਨ ਨੇ ਕੀਰਤਨ ਗਾਇਨ ਅਤੇ ਸਰਵਣ ਕਰਨ ਨੂੰ ਪ੍ਰਧਾਨਤਾ ਦਿੱਤੀ ਹੈ। ਸਿੱਖ ਧਰਮ ਦੇ ਬਾਨੀ, ਜਗਤ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਚਾਰ ਉਦਾਸੀਆਂ ਦੌਰਾਨ ਕੀਰਤਨ ਨੂੰ ਆਪਣੇ ਪ੍ਰਚਾਰ ਦਾ ਸਾਧਨ ਬਣਾਇਆ। ਭਾਈ ਮਰਦਾਨਾ ਜੀ ਰਬਾਬ ਵਜਾਉਂਦੇ ਅਤੇ ਗੁਰੂ ਸਾਹਿਬ ਬਾਣੀ ਉਚਾਰਨ ਕਰਦੇ, ਜਿਸ ਨੂੰ ਸੁਣ ਕੇ ਸੰਗਤ ਮੰਤਰ-ਮੁਗਧ ਹੋ ਜਾਂਦੀ। ਬਾਣੀ ਵਿੱਚ ਕੀਰਤਨਕਾਰਾਂ ਨੂੰ ''ਭਲੋ ਭਲੋ ਰੇ ਕੀਰਤਨੀਆ'' ਆਖ ਕੇ ਵਡਿਆਇਆ ਗਿਆ ਹੈ।

ਆਧੁਨਿਕ ਕਾਲ ਵਿਚ ਇਸਤਰੀ ਕੀਰਤਨਕਾਰਾਂ ਵਿੱਚ ਬੀਬੀ ਬਲਜੀਤ ਕੌਰ ਖ਼ਾਲਸਾ, ਤਲਵਾੜਾ ਦੇ ਜਥੇ ਨੂੰ ਪਹਿਲਾ ਕੀਰਤਨੀ ਜਥਾ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਇਤਿਹਾਸ ਅਨੁਸਾਰ ਦਸਵੇਂ ਪਾਤਸ਼ਾਹ ਦੇ ਮਹਿਲ ਮਾਤਾ ਸੁੰਦਰੀ ਜੀ ਸੰਗੀਤ ਦੇ ਵੱਡੇ ਗਿਆਤਾ ਸਨ। ਦਿੱਲੀ ਵਿੱਚ ਆਪਣੇ ਲੰਮੇ ਕਿਆਸ ਦੌਰਾਨ ਉਹ ਰੋਜ਼ਾਨਾ ਸੰਗੀਤ ਸਭਾ ਲਗਾ ਕੇ ਸੰਗੀਤ ਸੁਣਦੇ ਅਤੇ ਖ਼ੁਦ ਵੀ ਕੀਰਤਨ ਗਾਇਨ ਕਰਦੇ। ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਬੀਬੀ ਬਲਜੀਤ ਕੌਰ ਨੇ ਕੀਰਤਨ ਦੀ ਸੇਵਾ ਆਰੰਭੀ, ਜਿਸ ਸਦਕਾ ਉਨ੍ਹਾਂ ਨੂੰ ਮਾਣ, ਜਸ ਅਤੇ ਵਡਿਆਈ ਮਿਲੀ।

ਬੀਬੀ ਬਲਜੀਤ ਕੌਰ ਖ਼ਾਲਸਾ ਦਾ ਜਨਮ ਪਿਤਾ ਸ.ਰੋਸ਼ਨ ਸਿੰਘ ਦੇ ਗ੍ਰਹਿ ਵਿਖੇ ਮਾਤਾ ਬਲਵੰਤ ਕੌਰ ਦੀ ਸੁਲੱਖਣੀ ਕੁੱਖੋਂ 5 ਮਾਰਚ, 1965 ਨੂੰ (ਤਲਵਾੜਾ) ਵਿੱਚ ਹੋਇਆ। ਉਹਨਾਂ ਦਾ ਪਰਿਵਾਰਕ ਪਿਛੋਕੜ ਧਾਰਮਿਕ ਸੀ ਜਿਸਦਾ ਰੰਗ ਉਨ੍ਹਾਂ ਨੂੰ ਚੜਨਾ ਸੁਭਾਵਕ ਸੀ। ਉਨ੍ਹਾਂ ਐੱਮ.ਏ. (ਪੰਜਾਬੀ) ਤੱਕ ਦੀ ਉੱਚ ਤਾਲੀਮ ਹਾਸਲ ਕਰਨ ਉਪਰੰਤ ਆਪਣੀਆਂ ਦੋ ਭੈਣਾਂ ਨੂੰ ਨਾਲ ਲੈ ਕੇ 1980 ਵਿੱਚ ਜਥਾ ਬਣਾਇਆ ਅਤੇ ਕੀਰਤਨ ਦੀ ਸੇਵਾ ਆਰੰਭ ਕੀਤੀ। ਕੀਰਤਨ ਦੀ ਦਾਤ ਉਨ੍ਹਾਂ ਨੂੰ ਧੁਰ ਦਰਗਾਹੋਂ ਮਿਲੀ, ਉਨ੍ਹਾਂ ਕਿਸੇ ਤੋਂ ਵੀ ਇਸਦੀ ਬਾਕਾਇਦਾ ਤਾਲੀਮ ਨਹੀਂ ਲਈ। ਉਨ੍ਹਾਂ ਨੂੰ ਕਾਫ਼ੀ ਬਾਣੀ ਕੰਠ ਹੈ। ਭਾਈ ਗੁਰਦਾਸ ਦੀਆਂ ਵਾਰਾਂ ਦਾ ਗਾਇਨ ਵੀ ਕਰਦੇ ਹਨ। ਤਿੰਨਾਂ ਭੈਣਾਂ ਦੀ ਇਕਰਸ ਆਵਾਜ਼, ਅਲੌਕਿਕ ਸਮਾਂ ਸਿਰਜਦੀ ਹੈ। ਉਨ੍ਹਾਂ ਦੇ ਜਥੇ ਨੇ ਭਾਰਤ ਦੇ ਸਾਰੇ ਵੱਡੇ ਸ਼ਹਿਰਾਂ, ਕਸਬਿਆਂ, ਇਤਿਹਾਸਕ ਗੁਰਧਾਮਾਂ ਅਤੇ ਵੱਖ ਵੱਖ ਦੇਸ਼ਾਂ ਵਿੱਚ ਕੀਰਤਨ ਗਾਇਨ ਕਰਕੇ ਸੰਗਤਾਂ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ ਹਨ। ਅਕਾਸ਼ਵਾਣੀ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਤੋਂ ਉਨ੍ਹਾਂ ਦੇ ਜਥੇ ਦੇ ਗਾਏ ਸ਼ਬਦ, ਅਕਸਰ ਸੁਣਨ ਨੂੰ ਮਿਲਦੇ ਹਨ। ਅਨੇਕ ਰਿਕਾਰਡਿੰਗ ਕੰਪਨੀਆਂ ਨੇ ਉਹਨਾਂ ਦੀ ਮਧੁਰ ਆਵਾਜ਼ ਵਿਚ ਸ਼ਬਦ ਰਿਕਾਰਡ ਕੀਤੇ ਹਨ। ਇਹਨਾਂ ਬੀਬੀਆਂ ਨੇ ਪੂਰਾ ਜੀਵਨ ਗੁਰਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਸਮਰਪਿਤ ਕੀਤਾ ਹੈ। ਤਿੰਨਾਂ ਭੈਣਾਂ ਦੇ ਨਾਲ ਕੋਈ ਨਾ ਕੋਈ ਸਿੰਘ, ਬਤੌਰ ਤਬਲਾ ਵਾਦਕ ਸੰਗਤ ਕਰਦਾ ਹੈ। ਕੀਰਤਨ ਕਰਦੇ ਸਮੇਂ ਉਹ ਇਕਾਗਰਤਾ ਨਾਲ ਬਾਣੀ ਵਿੱਚ ਅਭੇਦ ਹੋ ਕੇ ਕੀਰਤਨ ਗਾਇਨ ਕਰਦੇ ਹਨ, ਜਿਸਦਾ ਸੁਤੇ ਸਿੱਧ ਪ੍ਰਭਾਵ ਸੰਗਤਾਂ ਦੇ ਮਨਾਂ ਨੂੰ ਟੁੰਬਦਾ ਹੈ। ਤਿੰਨੇ ਭੈਣਾਂ ਅੰਮ੍ਰਿਤਧਾਰੀ ਨੇ।

ਸਤਿਗੁਰ ਦਾ ਕੀਰਤਨ ਕਰਨ ਵਾਲਿਆਂ ਨੂੰ ਸੰਗਤਾਂ ਵੱਲੋਂ ਮਾਣ ਸਨਮਾਨ ਮਿਲਣੇ ਸੁਭਾਵਿਕ ਹਨ। ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ੍ਰੀ ਅੰਮ੍ਰਿਤਸਰ) ਵੱਲੋਂ ਉਨ੍ਹਾਂ ਦੀਆਂ ਕੀਰਤਨ ਸੇਵਾਵਾਂ ਲਈ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਅਮਰੀਕਾ, ਦੁਬਈ ਅਤੇ ਨਿਊਜ਼ੀਲੈਂਡ ਸਮੇਤ ਕਈ ਦੇਸ਼ਾਂ ਦੀਆਂ

**ਮੋਬਾਇਲ – 98154-61710**

RNI Regd. No. 46788/89 ISSN 0972-2335

www.alpoverseas.com

ALP OVERSEAS

# EPDM MAT
*For Life*

Anti-fungal, Anti-microbial & Non Toxic

UV Resistant

Excellent Floor Grip Property


Long Life



100% Biodegradable



## OUR OTHER PRODUCTS


Door Mat



Car Mat



Scooter Mat



Truck Mud Flap



Shower Mat


EPDM Granules


PP Tiles


EPDM Acoustic Underlay


Rubber Tiles


Gym Mat

**Corporate Office:** #32, Sector-18 HUDA, Gurgaon, Haryana - 122015

+91-124-4731500 marketing@alpoverseas.com

MAKE IN INDIA

आत्मनिर्भर भारत